

ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਪੁਰਸ਼ਤਵ ਦੇ ਵੰਨ-ਸੁਵੰਨੇ ਰੂਪ
## ਸਿਧਾਂਤਕ ਪਰਿਪੇਖ

ਪੁਰਸ਼ ਅਤੇ ਪੁਰਸ਼ਤਵ ਨੂੰ ਅਧਿਐਨ ਦਾ ਕੇਂਦਰ ਬਣਾਉਣ ਵਾਲੇ ਅਧਿਐਨ ਪੱਛਮ ਵਿਚ ਨੱਬੇਵੇਂ ਦਹਾਕੇ ਵਿਚ ਸਾਹਮਣੇ ਆਉਣੇ ਸ਼ੁਰੂ ਹੁੰਦੇ ਹਨ। ਇਨ੍ਹਾਂ ਅਧਿਐਨਾਂ ਨੂੰ ਪੁਰਸ਼ਤਵ ਅਧਿਐਨ (Masculine Studies) ਅਤੇ ਪੁਰਸ਼ ਅਧਿਐਨ (Men Studies) ਦੇ ਨਾਵਾਂ ਅਧੀਨ ਸਿਧਾਂਤਬੱਧ ਕੀਤਾ ਗਿਆ ਹੈ। ਜੈਂਡਰ ਨੂੰ ਜਦੋਂ ਸਮਾਜ-ਸਭਿਆਚਾਰਕ ਘਾੜਤ ਮੰਨਿਆ ਗਿਆ ਤਾਂ ਨਾਰੀ ਅਤੇ ਨਾਰੀਤਵ ਦੇ ਨਾਲੋ-ਨਾਲ ਪੁਰਸ਼ ਅਤੇ ਪੁਰਸ਼ਤਵ ਦੇ ਸਮਾਜ-ਸਭਿਆਚਾਰਕ ਘਾੜਤ ਹੋਣ ਬਾਬਤ ਚਰਚਾ ਦਾ ਮੁੱਢ ਬੱਝਿਆ। ਸਮਾਜ-ਸਭਿਆਚਾਰਕ ਘਾੜਤ ਵਜੋਂ ਦੇਖਦਿਆਂ ਇਹ ਸਪੱਸ਼ਟ ਹੋਇਆ ਕਿ ਜਾਤ, ਜਮਾਤ, ਨਸਲ, ਵਰਗ ਅਤੇ ਸਮਾਜ-ਸਭਿਆਚਾਰਕ ਵਖਰੇਵਿਆਂ ਕਾਰਨ ਪੁਰਸ਼ਤਵ ਵਿਭਿੰਨ ਰੂਪਾਂ ਵਿਚ ਰੂਪਮਾਨ ਹੁੰਦਾ ਹੈ। ਇਸ ਨਾਲ ਪੁਰਸ਼ਤਵ ਦੇ ਇਕ ਤੋਂ ਵਧੇਰੇ ਰੂਪਾਂ ਦੀ ਚਰਚਾ ਸ਼ੁਰੂ ਹੁੰਦੀ ਹੈ। ਆਰ. ਡਬਲਿਊ. ਕੌਨਲ (R. W. Connell) ਪਹਿਲੀ ਵਾਰ ਆਪਣੀ ਪੁਸਤਕ Masculinities ਵਿਚ ਪੁਰਸ਼ਤਵ ਦੇ ਇਕ ਤੋਂ ਵਧੇਰੇ ਰੂਪਾਂ ਦੀ ਗੱਲ ਕਰਦਾ ਹੈ।

ਹਰ ਸਮਾਜ-ਸਭਿਆਚਾਰ ਪੁਰਸ਼ ਲਈ ਖਾਸ ਤਰ੍ਹਾਂ ਦੇ ਮਾਪਦੰਡ/ਪੈਮਾਨੇ ਨਿਸ਼ਚਿਤ ਕਰਦਾ ਹੈ। ਇਹ ਮਾਪਦੰਡ/ਪੈਮਾਨੇ ਪੁਰਸ਼ਤਵ ਦੇ ਇਕ ਖ਼ਾਸ ਰੂਪ ਨੂੰ ਕੁਦਰਤੀ ਪੁਰਸ਼ਤਵ ਵਜੋਂ ਸਥਾਪਿਤ ਕਰਦੇ ਹਨ। ਕੌਨਲ ਅਨੁਸਾਰ ਸਮਾਜ-ਸਭਿਆਚਾਰ ਵਿਚਲਾ ਜਨ-ਸਮੂਹ ਮਹਿਸੂਸ ਕਰਨ ਲਗਦਾ ਹੈ ਕਿ ਪੁਰਸ਼ਤਵ ਦਾ ਇਕ 'ਅਸਲੀ' ਅਤੇ ਕੁਦਰਤੀ ਰੂਪ ਹੈ। ਅਜਿਹਾ ਵਾਪਰਨ ਨਾਲ ਪੁਰਸ਼ਤਵ ਦੇ ਇਕ ਅਸਲ ਰੂਪ ਬਾਬਤ ਮਿੱਥ ਦੀ ਸਿਰਜਣਾ ਹੁੰਦੀ ਹੈ। ਕੌਨਲ ਸਮਾਜ-ਸਭਿਆਚਾਰ ਦੁਆਰਾ ਸਥਾਪਿਤ ਕੀਤੀ ਜਾਂਦੀ 'ਅਸਲ ਪੁਰਸ਼ਤਵ' (True Masculinity) ਦੀ ਮਿੱਥ ਦਾ ਖੰਡਨ ਕਰਦਾ ਹੈ। ਉਸ ਅਨੁਸਾਰ 'ਅਸਲ ਪੁਰਸ਼ਤਵ' ਨੂੰ ਨਰ ਦੇਹ ਦੀ ਕੁਦਰਤੀ ਅਤੇ ਜੀਵ-ਵਿਗਿਆਨਕ ਪ੍ਰਾਪਤੀ ਮੰਨਣਾ ਇਕ ਗਾਲਪਨਿਕ ਘਾੜਤ ਹੈ।



**ਗੁਰਪ੍ਰੀਤ ਸਿੰਘ**
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
99151-06050
Gsm.preet@gmail.com

ਕੌਨਲ ਦੁਆਰਾ 'ਅਸਲ ਪੁਰਸ਼ਤਵ' ਬਾਬਤ ਕਿੰਤੂ ਕਈ ਪ੍ਰਸ਼ਨਾਂ ਨੂੰ ਜਨਮ ਦਿੰਦਾ ਹੈ ਜਿਵੇਂ ਕਿ, ਕੀ ਪੁਰਸ਼ ਹੋਣਾ ਇਕੋ ਜਿਹੇ ਮਾਪਦੰਡਾਂ 'ਤੇ ਨਿਭਣਾ ਹੁੰਦਾ ਹੈ? ਕੀ ਬਹੁ-ਭਿੰਨੇ ਮਾਪਦੰਡਾਂ 'ਤੇ ਬਹੁ-ਭਿੰਨੇ ਪੁਰਸ਼ਤਵ ਉੱਸਰੇ ਹੋ ਸਕਦੇ ਹਨ? ਕੀ ਪੁਰਸ਼ਤਵ ਦੇ ਸਾਰੇ ਰੂਪਾਂ ਨੂੰ ਸਮਾਜ ਵਿਚ ਇਕੋ ਜਿਹੀ ਪ੍ਰਵਾਨਗੀ ਹਾਸਿਲ ਹੈ? ਕੀ ਪੁਰਸ਼ਤਵ ਦੇ ਵਿਭਿੰਨ ਰੂਪਾਂ ਦਾ ਆਪਸ ਵਿਚ ਅਤੇ ਹੋਰ ਜੈਂਡਰ ਪਛਾਣਾਂ ਨਾਲ ਕੋਈ ਸਬੰਧ ਬਣਦਾ ਹੈ? ਕੌਨਲ ਅਨੁਸਾਰ ਪੁਰਸ਼ਤਵ ਇਕਹਿਰਾ ਨਹੀਂ ਸਗੋਂ ਵੰਨ-ਸੁਵੰਨਾ ਹੈ ਅਤੇ ਪੁਰਸ਼ਤਵ ਨੂੰ ਸਮਝਣ ਲਈ ਪੁਰਸ਼ਤਵ ਦੇ ਰੂਪਾਂ ਵਿਚ ਸੱਤਾ ਦੀ ਵੰਡ ਅਤੇ ਦਰਜੇਬੰਦੀ ਨੂੰ ਸਮਝਣਾ ਵੀ ਜ਼ਰੂਰੀ ਹੈ।

ਕੋਨਲ ਪੁਰਸ਼ਤਵ ਦੀ ਵੰਨ-ਸੁਵੰਨਤਾ ਨੂੰ ਉਭਾਰਨ ਲਈ ਪੁਰਸਤਵ ਦੇ ਚਾਰ ਰੂਪਾਂ ਦੀ ਗੱਲ ਕਰਦਾ ਹੈ।

1. ਗ਼ਾਲਿਬ ਪੁਰਸ਼ਤਵ (Hegemonic Masculinity)
2. ਪੇਚੀਦਾ/ਰਲਵਾਂ ਪੁਰਸ਼ਤਵ (Complicit Masculinity)
3. ਗੌਣ ਪੁਰਸ਼ਤਵ (Subordinate Masculinity)
4. ਹਾਸ਼ੀਆਗਤ ਪੁਰਸ਼ਤਵ (Marginalized Masculinity)

## ਗ਼ਾਲਿਬ ਪੁਰਸ਼ਤਵ:

> ਗ਼ਾਲਿਬ ਪੁਰਸ਼ਤਵ ਨੂੰ ਉਨ੍ਹਾਂ ਜੈਂਡਰ ਕਿਰਿਆਵਾਂ ਦੇ ਸਮੁੱਚ ਵਜੋਂ ਦੇਖਿਆ ਜਾ ਸਕਦਾ ਹੈ ਜਿਹੜੀਆਂ ਪਿਤਾ ਪੁਰਖੀ ਸੱਤਾ ਦੀ ਵੈੱਧਤਾ ਦੀ ਸਮੱਸਿਆ ਦਾ ਉੱਤਰ ਦਿੰਦੀਆਂ ਹਨ। ਇਹ ਕਿਰਿਆਵਾਂ ਮਰਦ ਦੀ ਪ੍ਰਭੁਤਾ ਅਤੇ ਔਰਤ ਦੀ ਅਧੀਨਗੀ ਨੂੰ ਯਕੀਨੀ ਬਣਾਉਂਦੀਆਂ ਹਨ।[6]

ਕੋਨਲ ਅਨੁਸਾਰ ਪੁਰਸ਼ਤਵ ਦੇ ਵਿਭਿੰਨ ਰੂਪਾਂ ਵਿਚੋਂ ਉਹੀ ਰੂਪ ਗ਼ਾਲਿਬ ਬਣਦਾ ਹੈ ਜਿਸ ਨੂੰ ਸੰਸਥਾਗਤ ਮਦਦ ਮਿਲਦੀ ਹੈ। ਗ਼ਾਲਿਬ ਪਛਾਣ ਦੀ ਸਿਰਜਣਾ ਹਿਤ ਸੰਸਥਾਗਤ ਪ੍ਰਬੰਧ ਦੀ ਮਦਦ ਦਿਸਦੇ ਅਤੇ ਅਣ-ਦਿਸਦੇ ਦੋਵੇਂ ਰੂਪਾਂ ਵਿਚ ਕਾਰਜਸ਼ੀਲ ਹੁੰਦੀ ਹੈ। ਇੱਥੇ ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਪੁਰਸ਼ਤਵ ਦੇ ਗ਼ਾਲਿਬ ਰੂਪ ਦਾ ਗ਼ਾਲਿਬਤਵ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਕਿਸ ਹੱਦ ਤੱਕ ਸੰਸਥਾਗਤ ਪ੍ਰਵਾਨਗੀ/ਮਦਦ ਹਾਸਿਲ ਹੈ। ਜਿੰਨੀ ਜ਼ਿਆਦਾ ਪ੍ਰਵਾਨਗੀ/ਮਦਦ ਹਾਸਿਲ ਹੋਵੇਗੀ ਪੁਰਸ਼ਤਵ ਓਨਾ ਹੀ ਜ਼ਿਆਦਾ ਗ਼ਾਲਿਬ ਹੋਵੇਗਾ, ਜਿਵੇਂ ਇਕ ਖ਼ਾਸ ਤਰ੍ਹਾਂ ਦੀ ਰਾਸ਼ਟਰਵਾਦੀ ਪਛਾਣ ਨੂੰ ਫ਼ੌਜ ਅਤੇ ਸਰਕਾਰ ਦੋਵਾਂ ਦੀ ਭਰਪੂਰ ਮਦਦ ਪ੍ਰਾਪਤ ਹੈ। ਇਸੇ ਕਾਰਨ ਇਹ ਪਛਾਣ ਗ਼ਾਲਿਬ ਪੁਰਸ਼ਤਵ ਦਾ ਇਕ ਲਾਜ਼ਮੀ ਲੱਛਣ ਬਣਦੀ ਹੈ

ਕੋਨਲ ਅਨੁਸਾਰ ਕਿਸੇ ਖ਼ਾਸ ਸਮੇਂ/ਸਥਾਨ ਉੱਪਰ ਪੁਰਸ਼ਤਵ ਦੇ ਕਿਸੇ ਇਕ ਵਿਸ਼ੇਸ਼ ਰੂਪ ਨੂੰ ਸਮਾਜ-ਸਭਿਆਚਾਰਕ ਪ੍ਰਬੰਧ ਦੁਆਰਾ ਸਥਾਪਿਤ ਕੀਤਾ ਜਾਂਦਾ ਹੈ। ਪੁਰਸ਼ਤਵ ਦੇ ਇਸ ਰੂਪ ਨੂੰ ਆਦਰਸ਼ਕ ਪੁਰਸ਼ਤਵ ਦੇ ਰੂਪ ਵਜੋਂ ਪ੍ਰਚਾਰਿਆ ਜਾਂਦਾ ਹੈ। ਕੋਨਲ ਇਸੇ ਰੂਪ ਨੂੰ ਗ਼ਾਲਿਬ ਪੁਰਸ਼ਤਵ ਦਾ ਨਾਮ ਦਿੰਦਾ ਹੈ। ਪੁਰਸ਼ਤਵ ਦਾ ਇਹੋ ਰੂਪ ਪੁਰਸ਼ਤਵ ਦੇ ਦੂਸਰੇ ਰੂਪਾਂ ਨੂੰ ਪਰਖਣ ਅਤੇ ਮਾਪਣ ਦਾ ਪੈਮਾਨਾ ਬਣਦਾ ਹੈ।

ਪਿਤਰ-ਸੱਤਾ ਦੀ ਵਿਚਾਰਧਾਰਾ ਵੀ ਖ਼ਾਸ ਤਰ੍ਹਾਂ ਦੇ ਪੁਰਸ਼ਤਵ ਨੂੰ ਘੜਦੀ ਹੈ, ਜੋ ਮੋੜਵੇਂ ਰੂਪ ਵਿਚ ਪਿਤਰ-ਸੱਤਾ ਨੂੰ ਮਜ਼ਬੂਤ ਕਰਦਾ ਹੈ। ਪਿਤਰ ਸੱਤਾ ਦੀ ਹਮਾਇਤ ਕਾਰਨ ਪੁਰਸ਼ਤਵ ਦਾ ਇਹ ਰੂਪ ਔਰਤ ਦਾ ਸ਼ੋਸ਼ਣ ਕਰਦਾ ਹੈ ਜਾਂ ਸ਼ੋਸ਼ਣ ਵਿਚ ਸਹਾਈ ਹੁੰਦਾ ਹੈ। ਕੋਨਲ ਅਨੁਸਾਰ ਪੁਰਸ਼ਤਵ ਦਾ ਇਹ ਗ਼ਾਲਿਬ ਰੂਪ ਔਰਤ ਉੱਪਰ ਪੁਰਸ਼ ਦੀ ਸੱਤਾ ਨੂੰ ਮਜ਼ਬੂਤ ਕਰਦਾ ਹੈ। ਇਹ ਇਕ ਖ਼ਾਸ ਵਰਗ/ਨਸਲ/ਜਾਤ ਆਦਿ ਦੇ ਪੁਰਸ਼ ਦੀ ਦੂਸਰੇ ਵਰਗ/ਨਸਲ/ਜਾਤ ਦੇ ਪੁਰਸ਼ ਉੱਪਰ ਸੱਤਾ ਨੂੰ ਵੀ ਜਾਇਜ਼ ਠਹਿਰਾਉਂਦਾ ਹੈ।

ਸਮੇਂ ਸਥਾਨ ਜਾਂ ਸੰਸਥਾਗਤ ਤਬਦੀਲੀ ਨਾਲ ਪੁਰਸ਼ਤਵ ਦਾ ਕੋਈ ਹੋਰ ਰੂਪ (ਜਿਹੜਾ ਪਹਿਲਾਂ ਗ਼ਾਲਿਬ ਨਹੀਂ ਹੈ) ਵੀ ਗ਼ਾਲਿਬਤਵ ਦਾ ਧਾਰਨੀ ਬਣ ਸਕਦਾ ਹੈ। ਉਦਾਹਰਨ ਵਜੋਂ, ਪੰਜਾਬ ਵਿਚ ਜਾਗੀਰਦਾਰੀ ਪ੍ਰਬੰਧ ਦੇ ਬਦਲਾਅ ਨਾਲ ਪੁਰਸ਼ਤਵ ਦੇ ਗ਼ਾਲਿਬ ਰੂਪ ਵਿਚ ਆਈ ਤਬਦੀਲੀ ਨੂੰ ਦੇਖਿਆ ਜਾ ਸਕਦਾ ਹੈ। ਜਾਗੀਰਦਾਰੀ ਪ੍ਰਬੰਧ ਅਧੀਨ ਪੁਰਸ਼ ਦੇ ਪੁਰਸ਼ਤਵ ਨੂੰ ਮਾਪਣ ਦੇ ਜੋ ਪੈਮਾਨੇ ਕੇਂਦਰ ਵਿਚ ਸਨ, ਪੂੰਜੀਵਾਦੀ ਪ੍ਰਬੰਧ ਦੀ ਆਮਦ ਨਾਲ ਉਹ ਹਾਸ਼ੀਏ 'ਤੇ ਚਲੇ ਗਏ ਹਨ। ਜਾਗੀਰਦਾਰੀ ਪ੍ਰਬੰਧ ਅਧੀਨ ਪੁਰਸ਼ ਦੇ 'ਅਣਖ' ਪਿੱਛੇ ਕੀਤੇ ਕਤਲ ਨੂੰ ਉਸ ਦੇ ਸੂਰਮਾ ਜਾਂ ਪ੍ਰਤਾਪੀ ਹੋਣ ਨਾਲ ਜੋੜ ਕੇ ਦੇਖਿਆ ਜਾਂਦਾ ਸੀ। ਪੂੰਜੀਵਾਦੀ ਪ੍ਰਬੰਧ ਅਧੀਨ 'ਅਣਖ' ਦਾ ਰੂਪ ਅਤੇ ਅਰਥ ਬਦਲ ਗਏ ਹਨ, ਇਸ ਕਾਰਨ ਕਤਲ ਕਰਨਾ ਕੋਈ ਗੌਰਵਸ਼ਾਲੀ ਗੱਲ ਨਹੀਂ ਰਹਿ ਗਈ ਹੈ ਭਾਵੇਂ ਕਿ ਕਤਲ ਅਣਖ ਲਈ ਹੀ ਕਿਉਂ ਨਾ ਕੀਤਾ ਗਿਆ ਹੋਵੇ।

ਜਾਗੀਰਦਾਰੀ ਪ੍ਰਬੰਧ ਅਧੀਨ ਪੁਰਸ਼ ਦੇ ਔਰਤ ਨਾਲ ਸਬੰਧ ਮਾਲਕ/ਮਲਕੀਅਤ ਵਾਲੇ ਸਨ। ਪੂੰਜੀਵਾਦੀ ਪ੍ਰਬੰਧ ਦੀ ਆਮਦ ਨਾਲ ਜਦੋਂ ਔਰਤ ਦੀ ਪੂੰਜੀ ਵਿਚ ਭਾਗੀਦਾਰੀ ਬਣਨ ਲੱਗੀ ਤਾਂ ਔਰਤ-ਮਰਦ ਸਬੰਧਾਂ ਦੇ ਸਮੀਕਰਨ ਵੀ ਤਬਦੀਲ ਹੋਣ ਲੱਗੇ। ਪੂੰਜੀਵਾਦੀ ਪ੍ਰਬੰਧ ਅਧੀਨ ਆਈ ਇਸ ਤਬਦੀਲੀ ਕਾਰਨ ਪੁਰਸ਼ ਦੁਆਰਾ ਔਰਤ ਨੂੰ ਗੁਲਾਮ ਰੱਖਣਾ/ਸਮਝਣਾ ਗ਼ਾਲਿਬ ਪੁਰਸ਼ਤਵ ਦਾ ਪ੍ਰਭਾਵੀ ਲੱਛਣ ਨਹੀਂ ਰਿਹਾ ਹੈ। ਉਂਞ ਇਸ ਤਰ੍ਹਾਂ ਹੋਣ ਦਾ ਭਾਵ ਇਹ ਨਹੀਂ ਕਿ ਔਰਤ-ਮਰਦ ਸਬੰਧਾਂ ਵਿਚਲੀ ਦਰਜੇਬੰਦੀ ਖ਼ਤਮ ਹੋ ਗਈ ਹੈ।

ਇਸ ਦਾ ਭਾਵ ਮਹਿਜ਼ ਏਨਾ ਹੈ ਕਿ ਨਵੇਂ ਪ੍ਰਬੰਧ ਵਿਚ ਔਰਤ ਨੂੰ ਪਹਿਲਾਂ ਵਾਂਗ ਦਬਾਉਣ ਦੇ ਦ੍ਰਿਸ਼ ਗ਼ਾਲਿਬ ਪੁਰਸ਼ਤਵ ਦਾ ਮਾਣ ਨਹੀਂ ਰਹੇ ਹਨ। ਇਸ ਤਰ੍ਹਾਂ ਤਬਦੀਲੀ ਅਤੇ ਲਗਾਤਾਰਤਾ ਦੀ ਪ੍ਰਕਿਰਿਆ ਸਮੇਂ-ਸਥਾਨ ਦੀਆਂ ਪ੍ਰਸਥਿਤੀਆਂ ਅਨੁਸਾਰ ਚਲਦੀ ਰਹਿੰਦੀ ਹੈ। ਇਸ ਪ੍ਰਕਿਰਿਆ ਕਾਰਨ ਗ਼ਾਲਿਬ ਪੁਰਸ਼ਤਵ ਤਾਕਤਵਰ ਹੁੰਦਿਆਂ ਹੋਇਆਂ ਵੀ ਅਸਥਿਰਤਾ ਦੀ ਹੋਣੀ ਹੰਢਾਉਂਦਾ ਹੈ। ਕੋਨਲ ਦਾ ਇਸ ਸਬੰਧੀ ਕਥਨ ਹੈ:

> ਗ਼ਾਲਿਬ ਪੁਰਸ਼ਤਵ ਇਕੋ ਜਿਹੇ ਨਿਸ਼ਚਿਤ ਰੂਪ ਦਾ ਧਾਰਨੀ ਨਹੀਂ ਹੈ। ਇਸ ਵਿਚ ਸਮੇਂ ਅਤੇ ਸਥਾਨ ਨਾਲ ਤਬਦੀਲੀ ਵਾਪਰਦੀ ਰਹਿੰਦੀ ਹੈ। ਇਸੇ ਕਾਰਨ ਜੈਂਡਰ ਸਬੰਧਾਂ ਦੀ ਲੜੀ ਵਿਚ ਪੁਰਸ਼ਤਵ ਦਾ ਜਿਹੜਾ ਵੀ ਰੂਪ ਆਪਣਾ ਗ਼ਲਬਾ ਸਥਾਪਿਤ ਕਰਦਾ ਹੈ, ਉਸ ਦੀ ਹੋਂਦ ਚੁਣੌਤੀਆਂ ਵਿਚ ਘਿਰੀ ਹੁੰਦੀ ਹੈ।[8]

ਕੋਨਲ ਦੀ ਇਹ ਧਾਰਨਾ ਸੁਝਾਉਂਦੀ ਹੈ ਕਿ ਸਮਾਜਕ/ਸੰਸਥਾਗਤ ਪ੍ਰਬੰਧ ਬਦਲਣ ਨਾਲ ਪੁਰਸ਼ਤਵ ਦੇ ਗ਼ਾਲਿਬ ਰੂਪ ਵਿਚ ਤਬਦੀਲੀ ਵਾਪਰ ਸਕਦੀ ਹੈ। ਇਸ ਤਬਦੀਲੀ ਕਾਰਨ ਗ਼ਾਲਿਬ ਪੁਰਸ਼ਤਵ ਗੌਣ ਪੁਰਸ਼ਤਵ ਬਣ ਸਕਦਾ ਅਤੇ ਗੌਣ ਪੁਰਸ਼ਤਵ ਗ਼ਾਲਿਬ ਬਣ ਸਕਦਾ ਹੈ। ਇਹ ਤਬਦੀਲੀ ਅੰਸ਼ਿਕ ਵੀ ਹੋ ਸਕਦੀ ਹੈ ਕਿ ਗ਼ਾਲਿਬ ਪੁਰਸ਼ਤਵ ਦੇ ਕੁਝ ਇਕ ਲੱਛਣ ਖ਼ਤਮ ਹੋ ਜਾਣ ਅਤੇ ਕੁਝ ਇਕ ਨਵੇਂ ਜੁੜ ਜਾਣ। ਇਸ ਦੇ ਉਲਟ ਇਹ ਤਬਦੀਲੀ ਭਾਰੀ ਮਾਤਰਾ ਵਿਚ ਵੀ ਹੋ ਸਕਦੀ ਹੈ ਕਿ ਗ਼ਾਲਿਬ ਪੁਰਸ਼ਤਵ ਦੇ ਕਾਫ਼ੀ ਸਾਰੇ ਲੱਛਣ ਖ਼ਤਮ ਹੋ ਜਾਣ ਅਤੇ ਕਾਫ਼ੀ ਸਾਰੇ ਨਵੇਂ ਜੁੜ ਜਾਣ। ਅਸਲ ਵਿਚ ਪੁਰਸ਼ਤਵ ਦਾ ਗ਼ਾਲਿਬ ਰੂਪ ਪੂਰਨ ਤੌਰ 'ਤੇ ਕਦੇ ਖ਼ਤਮ ਨਹੀਂ ਹੁੰਦਾ ਇਹ ਤਬਦੀਲੀਆਂ ਨੂੰ ਆਪਣੇ ਵਿਚ ਸਮਾਅ ਕੇ ਮੁੜ ਸਥਿਰ ਰੂਪ ਧਾਰਨ ਕਰ ਲੈਂਦਾ ਹੈ।

ਕੋਨਲ ਨੇ ਗ਼ਾਲਿਬ ਪੁਰਸ਼ਤਵ ਨੂੰ ਔਰਤਾਂ, ਸਮਲਿੰਗੀ ਵਿਅਕਤੀਆਂ ਅਤੇ ਗ਼ਰੀਬ ਜਮਾਤ ਦੇ ਮਰਦਾਂ ਵਿਚਲੇ ਪੁਰਸ਼ਤਵ ਦੇ ਵਿਰੋਧੀ ਰੂਪ ਵਜੋਂ ਪ੍ਰਭਾਸ਼ਿਤ ਕੀਤਾ ਹੈ।[9] ਗ਼ਾਲਿਬ ਪੁਰਸ਼ਤਵ ਕੋਲ ਸੱਤਾ ਹੈ, ਸੱਤਾ ਦੇ ਸਾਰੇ ਲਾਭ ਹਨ; ਜਿਸ ਨੂੰ ਪੁਰਸ਼ਤਵ ਦੇ ਦੂਸਰੇ ਰੂਪ ਨਹੀਂ ਮਾਣ ਸਕਦੇ। ਕੋਨਲ ਅਨੁਸਾਰ ਪਿਤਰਕੀ ਸਮਾਜ ਵਿਚ ਗ਼ਾਲਿਬ ਪੁਰਸ਼ਤਵ ਦਾ ਖਾਸਾ ਉਲਟ-ਜਿਣਸੀ ਸਬੰਧ ਹਨ।[10] ਇਸੇ ਲਈ ਪਿਤਰਕੀ ਸਮਾਜ ਵਿਚ ਸਮਲਿੰਗੀ ਪੁਰਸ਼ ਪੁਰਸ਼ਤਵ ਦੇ ਤੰਤਰ ਅੰਦਰ ਬੇਗਾਨਾਪਣ ਮਹਿਸੂਸ ਕਰਦੇ ਹਨ। ਗ਼ਾਲਿਬ ਪੁਰਸ਼ਤਵ ਤੋਂ ਵੱਖਰਾ ਰੂਪ ਰੱਖਣ ਵਾਲੇ ਪੁਰਸ਼ 'ਅਸਲੀ ਮਰਦ' ਨਹੀਂ ਕਹਾ ਸਕਦੇ। ਪਿਤਾ ਪੁਰਖੀ ਸਮਾਜ ਵਿਚ ਤਾਂ ਅਸਲੀ ਪੁਰਸ਼ ਉਲਟ ਜਿਣਸੀ ਹੀ ਹੁੰਦਾ ਹੈ।

ਪੈਦਾਵਾਰੀ ਸਬੰਧਾਂ ਦੇ ਪਰਿਪੇਖ ਵਿਚ ਕੋਨਲ 'ਕਮਾਊ' (Breadwinner) ਹੋਣ ਨੂੰ ਵੀ ਗ਼ਾਲਿਬ ਪੁਰਸ਼ਤਵ ਨਾਲ ਜੋੜ ਕੇ ਦੇਖਦਾ ਹੈ। ਪਿਤਰਕੀ ਸਮਾਜ ਅੰਦਰ ਪੁਰਸ਼ਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਾਰ ਲਈ ਉਪਜੀਵਕਾ ਦਾ ਪ੍ਰਬੰਧ ਕਰਨ। ਪੁਰਸ਼ ਦੇ ਪੁਰਸ਼ਤਵ ਨੂੰ ਇਸ ਲੱਛਣ ਤੋਂ ਮਾਪਿਆ ਜਾਂਦਾ ਹੈ ਕਿ ਉਹ ਆਪਣੇ ਪਰਿਵਾਰ ਲਈ ਉਪਜੀਵਕਾ ਦਾ ਕਿੰਨਾ ਅਤੇ ਕਿਵੇਂ ਪ੍ਰਬੰਧ ਕਰਦਾ ਹੈ। ਜੇਕਰ ਕੋਈ ਪੁਰਸ਼ ਪਰਿਵਾਰ ਦਾ ਪਾਲਣ-ਪੋਸ਼ਣ ਨਹੀਂ ਕਰ ਸਕਦਾ ਤਾਂ ਉਹ ਗ਼ਾਲਿਬ ਪੁਰਸ਼ਤਵ ਦੀ ਪਛਾਣ ਤੋਂ ਟੁੱਟਿਆ ਮਹਿਸੂਸ ਕਰਦਾ ਹੈ। ਗ਼ਾਲਿਬ ਪੁਰਸ਼ਤਵ ਅਧੀਨ ਪੁਰਸ਼ ਦੀ ਲਾਣੇਦਾਰੀ ਕਮਾਊ ਹੋਣ ਨਾਲ ਜੁੜੀ ਹੈ, ਜੇਕਰ ਪੁਰਸ਼ ਕਮਾਊ ਨਹੀਂ ਅਤੇ ਔਰਤ ਕਮਾਊ ਹੋਣ ਕਰਕੇ ਘਰ ਦੀ ਲਾਣੇਦਾਰ ਬਣਦੀ ਹੈ, ਤਾਂ ਸਥਿਤੀ ਵਿਚ ਪੁਰਸ਼ ਦਾ ਪੁਰਸ਼ਤਵ ਹੋਰ ਵੀ ਖ਼ਤਰੇ ਵਿਚ ਪੈ ਜਾਂਦਾ ਹੈ। ਇਸ ਤਰ੍ਹਾਂ ਗ਼ਾਲਿਬ ਪੁਰਸ਼ਤਵ, ਪੁਰਸ਼ਤਵ ਦਾ ਇਕ ਆਦਰਸ਼ਕ ਕਲਪਿਤ ਰੂਪ ਹੈ। ਗ਼ਾਲਬੀਅਤਾ ਤੋਂ ਬਿਨਾਂ ਉਲਟ-ਜਿਣਸੀ ਹੋਣਾ ਇਸ ਦਾ ਪ੍ਰਮੁੱਖ ਲੱਛਣ ਹੈ। ਇਸ ਤੋਂ ਇਲਾਵਾ ਕਮਾਊ-ਪੁਣਾ, ਸਰੀਰਕ ਤਾਕਤ, ਮੁਕਾਬਲੇਬਾਜ਼ੀ ਦੀ ਚਾਹਤ, ਹੌਸਲਾ/ਦਲੇਰੀ, ਹਿੰਸਾ, ਲੜਾਈ, ਨਸ਼ਾ, ਖੇਡਾਂ ਆਦਿ ਗ਼ਾਲਿਬ ਪੁਰਸ਼ਤਵ ਦੇ ਲੱਛਣ ਹਨ।

### ਗੌਣ ਪੁਰਸ਼ਤਵ:

ਗ਼ਾਲਿਬ ਪੁਰਸ਼ਤਵ ਦੇ ਆਧਾਰ 'ਤੇ ਹੀ ਪੁਰਸ਼ਤਵ ਦੇ ਗੌਣ (Subordinate) ਰੂਪ ਨੂੰ ਸਮਝਿਆ ਜਾ ਸਕਦਾ ਹੈ। ਗੌਣ ਪੁਰਸ਼ਤਵ, ਪੁਰਸ਼ਤਵ ਦਾ ਅਜਿਹਾ ਰੂਪ ਹੈ ਜੋ ਜਿਣਸੀ ਸਬੰਧਾਂ ਵਿਚ ਗ਼ਾਲਿਬ ਪੁਰਸ਼ਤਵ ਦੇ ਬਿਲਕੁਲ ਉਲਟ ਹੈ। ਪੁਰਸ਼ਤਵ ਦਾ ਇਹ ਰੂਪ ਉਲਟ-ਜਿਣਸੀ ਸਬੰਧਾਂ ਦੀ ਬਜਾਏ ਸਮਲਿੰਗੀ ਸਬੰਧਾਂ ਵੱਲ ਰੁਚਿਤ ਹੁੰਦਾ ਹੈ।[12] ਕੋਨਲ ਅਨੁਸਾਰ ਪੁਰਸ਼ਤਵ ਦਾ ਇਹ ਰੂਪ ਪੁਰਸ਼ਾਂ ਦੀ ਪੁਰਸ਼ਾਂ ਵਿਚ ਦਰਜੇਬੰਦੀ, ਸੱਤਾ/ ਅਧੀਨਗੀ ਅਤੇ ਤਾਕਤ ਵਿਚਲੀ ਵੰਡ ਦੀ ਸਪਸ਼ਟ ਉਦਾਹਰਨ ਹੈ। ਗੌਣ ਪੁਰਸ਼ਤਵ ਦੇ ਧਾਰਨੀ ਵਿਅਕਤੀ

ਸਮਾਜ ਅੰਦਰ ਸਭਿਆਚਾਰਕ ਗ਼ੁਲਾਮੀ ਦੇ ਨਾਲੋ-ਨਾਲ ਸਰੀਰਕ ਅਤੇ ਕਾਨੂੰਨੀ ਹਿੰਸਾ ਦੇ ਵੀ ਸ਼ਿਕਾਰ ਹੁੰਦੇ ਹਨ। ਗੌਣ ਪੁਰਸ਼ਤਵ ਪਿਤਰ-ਸੱਤਾ ਦੇ ਅਨੁਸਾਰੀ ਗ਼ਾਲਿਬ ਪੁਰਸ਼ਤਵ ਦੇ ਲੱਛਣਾਂ ਨੂੰ ਧਾਰਨ ਕਰਨ ਦੇ ਅਸਮਰਥ ਹੁੰਦਾ ਹੈ। ਇਸ ਲਈ ਪਿਤਰ ਸੱਤਾ ਅਤੇ ਪਿਤਰ ਸੱਤਾ ਵੱਲੋਂ ਸਿਰਜਿਤ ਗ਼ਾਲਿਬ ਪੁਰਸ਼ਤਵ ਵੱਲੋਂ ਗੌਣ ਪੁਰਸ਼ਤਵ ਦੇ ਧਾਰਨੀ ਪੁਰਸ਼ਾਂ ਦਾ ਦਮਨ ਕੀਤਾ ਜਾਂਦਾ ਹੈ।[14]

ਪਿਤਰਕੀ ਦੁਆਰਾ ਸਿਰਜਿਤ ਨੇਮ ਪ੍ਰਬੰਧ ਵਿਚ ਗੌਣ ਪੁਰਸ਼ਤਵ ਦੇ ਲੱਛਣਾਂ ਵਾਲੇ ਪੁਰਸ਼ਾਂ ਲਈ ਕੋਈ ਸਨਮਾਨਯੋਗ ਥਾਂ ਨਹੀਂ ਹੈ। ਮਿਸਾਲ ਦੇ ਤੌਰ ਤੇ ਸਮਲਿੰਗਕਤਾ ਦੇ ਧਾਰਨੀ ਵਿਅਕਤੀਆਂ ਪ੍ਰਤੀ ਸਮਾਜ-ਸਭਿਆਚਾਰ ਦਾ ਰਵੱਈਆ ਦੇਖਿਆ ਜਾ ਸਕਦਾ ਹੈ। ਇਨ੍ਹਾਂ ਨੂੰ ਸਮਲਿੰਗੀ ਹੋਣ ਕਾਰਨ ਪੁਰਸ਼/ਪੁਰਸ਼ਤਵ ਉੱਪਰ 'ਕਲੰਕ' ਕਿਹਾ ਜਾਂਦਾ ਹੈ। ਸਮਲਿੰਗੀ ਵਿਅਕਤੀਆਂ ਨੂੰ ਆਪਣੀ ਪਛਾਣ ਛੁਪਾ ਕੇ ਰੱਖਣੀ ਪੈਂਦੀ ਹੈ। ਪਛਾਣ ਦੇ ਜ਼ਾਹਿਰ ਹੋਣ ਤੇ ਵਿਅਕਤੀਆਂ ਨੂੰ ਗਲੀ ਮੁਹੱਲੇ ਵਿਚ ਟਿੱਚਰਾਂ ਕੀਤੀਆਂ ਜਾਂਦੀਆਂ ਹਨ। ਲੌਂਡਾ, ਟੈਂਪੂ, ਗਾਂਡੂ, ਬੋਂਡੂ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦਿਆਂ ਇਨ੍ਹਾਂ ਦਾ ਵਾਰ-ਵਾਰ ਅਪਮਾਨ ਕੀਤਾ ਜਾਂਦਾ ਹੈ। ਸਮਲਿੰਗੀਆਂ ਦੀ ਮੌਜੂਦਗੀ ਆਪਣੀ ਵੱਖਰਤਾ ਕਾਰਨ ਸਥਾਪਿਤ ਪ੍ਰਬੰਧ ਨੂੰ ਰੜਕਦੀ ਰਹਿੰਦੀ ਹੈ। ਇਸ ਲਈ ਇਨ੍ਹਾਂ ਨੂੰ ਆਰਥਿਕਤਾ, ਰਾਜਨੀਤੀ ਅਤੇ ਧਰਮ ਆਦਿ ਦੀਆਂ ਸੰਸਥਾਵਾਂ ਅਤੇ ਹੱਕਾਂ ਤੋਂ ਵੰਚਿਤ ਕਰ ਦਿੱਤਾ ਜਾਂਦਾ ਹੈ। ਹਰ ਜਗ੍ਹਾ ਪੁਰਸ਼ਤਵ ਦੇ ਗ਼ਾਲਿਬ ਰੂਪ ਦੀ ਹੀ ਉਮੀਦ ਕੀਤੀ ਜਾਂਦੀ ਹੈ।

ਗ਼ਾਲਿਬ ਪੁਰਸ਼ਤਵ ਦੁਆਰਾ ਸਿਰਜਿਤ ਪੈਮਾਨਿਆਂ ਦਾ ਪ੍ਰਵਚਨ ਸਮਾਜ ਸਭਿਆਚਾਰ ਵਿਚ ਇਸ ਕਦਰ ਹਾਵੀ ਹੁੰਦਾ ਹੈ ਕਿ, ਉਹ ਸਮਾਜ-ਸਭਿਆਚਾਰ ਵਿਚਲੇ ਹਰ ਮਨੁੱਖ ਨੂੰ ਕੁਦਰਤੀ ਜਾਪਦਾ ਹੈ। ਪ੍ਰਵਚਨ ਦੇ ਕੁਦਰਤੀਪਣ ਕਰਕੇ ਹੀ ਤਮਾਮ ਕਿਸਮ ਦੀਆਂ ਜੈਂਡਰ ਪਛਾਣਾਂ ਪੁਰਸ਼ ਦੀ ਪ੍ਰਭੁਤਾ ਨੂੰ ਸਵੀਕਾਰਦੀਆਂ ਹੋਈਆਂ ਉਸ ਦੇ ਪੈਮਾਨਿਆਂ ਨੂੰ ਆਤਮਸਾਤ ਕਰ ਲੈਂਦੀਆਂ ਹਨ। ਮਿਸਾਲ ਵਜੋਂ ਔਰਤ ਪਛਾਣ ਗ਼ਾਲਿਬ ਪੁਰਸਤਵ ਦੀ ਪ੍ਰਭੁਸੱਤਾ ਨੂੰ ਕੁਦਰਤੀ ਮੰਨਦਿਆਂ ਆਪਣੀ ਅਧੀਨਤਾ ਸਹਿਜੇ ਹੀ ਸਵੀਕਾਰ ਲੈਂਦੀ ਹੈ। ਇਸੇ ਤਰ੍ਹਾਂ ਉਲਟ-ਜਿਣਸੀ ਖ਼ਾਸੇ ਦੇ ਪ੍ਰਵਚਨ ਦਾ ਦਬਦਬਾ ਦੇਖਿਆ ਜਾ ਸਕਦਾ ਹੈ। ਇਸ ਦਬਦਬੇ ਕਾਰਨ ਤਮਾਮ ਜੈਂਡਰ ਪਛਾਣਾਂ ਨੂੰ ਉਲਟ ਜਿਣਸੀ ਖਾਸਾ ਕੁਦਰਤੀ ਅਤੇ ਸਹਿਜ ਲਗਦਾ ਹੈ। ਸਿੱਟੇ ਵਜੋਂ ਹਮ-ਜਿਣਸੀ ਸਬੰਧ ਰੱਖਣ ਵਾਲੇ ਪੁਰਸ਼ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਦੇ ਹਨ। ਅਜਿਹੇ ਪੁਰਸ਼ ਪਿਤਰਕੀ ਪ੍ਰਬੰਧ ਵਿਚ ਜਿੱਥੇ ਬਾਹਰੀ ਰੂਪ ਵਿਚ ਮਾਨਸਿਕ ਅਤੇ ਸਰੀਰਕ ਤਸ਼ੱਦਦ ਦਾ ਸ਼ਿਕਾਰ ਹੁੰਦੇ ਹਨ, ਉੱਥੇ ਹੀ ਅੰਦਰੂਨੀ ਪੱਧਰ ਤੇ ਸਥਾਪਿਤ ਪ੍ਰਵਚਨ ਦਾ ਸਵੈ ਦੀ ਹੋਂਦ ਨਾਲ ਟਕਰਾਵ ਝੱਲਦੇ ਹਨ।

ਸਮਕਾਲ ਵਿਚ ਬਹੁਤ ਸਾਰੇ ਸਮਲਿੰਗੀ ਆਪਣੀ ਸਮਲਿੰਗਕਤਾ ਨੂੰ ਜ਼ਾਹਿਰਾ ਤੌਰ ਤੇ ਪ੍ਰਤੱਖ ਕਰ ਰਹੇ ਹਨ। ਆਪਣੇ ਆਪ ਨੂੰ ਪ੍ਰਤੱਖ ਕਰਨ ਦੇ ਬਾਵਜੂਦ ਵੀ ਇਹ ਆਪਣੇ ਅੰਦਰ ਦੇ ਦੋਸ਼ ਭਾਵ ਤੋਂ ਪੂਰਨ ਮੁਕਤੀ ਹਾਸਲ ਨਹੀਂ ਕਰ ਪਾਉਂਦੇ। ਜਿਸ ਦਾ ਮੁੱਖ ਕਾਰਨ ਤਮਾਮ ਜੈਂਡਰ ਪਛਾਣਾਂ ਦੁਆਰਾ ਗ਼ਾਲਿਬ ਪੁਰਸ਼ਤਵ ਦੇ ਪ੍ਰਵਚਨ ਦਾ ਆਮਤਸਾਤੀਕਰਨ ਹੈ। ਇਸੇ ਲਈ ਸਮਲਿੰਗੀ ਪਛਾਣਾਂ ਦੁਆਰਾ ਉਲਟ-ਜਿਣਸੀ ਖ਼ਾਸੇ ਦਾ ਪ੍ਰਤੀਰੋਧ ਵੀ ਨਮੋਸ਼ੀ ਅਤੇ ਅਧੀਨਗੀ ਦਾ ਸੂਚਕ ਹੋ ਨਿੱਬੜਦਾ ਹੈ। ਗ਼ਾਲਿਬ ਪੁਰਸ਼ਤਵ ਦੇ ਆਤਮਸਾਤੀਕਰਨ ਤੋਂ ਮੁਕਤੀ ਗੌਣ ਪੁਰਸ਼ਤਵ ਅਤੇ ਹੋਰ ਜੈਂਡਰ ਪਛਾਣਾਂ ਲਈ ਸਭ ਤੋਂ ਵੱਡੀ ਚੁਣੌਤੀ ਹੈ।

ਗੌਣ ਪੁਰਸ਼ਤਵ ਸਿਰਫ਼ ਸਮਲਿੰਗੀਆਂ ਤਕ ਸੀਮਤ ਨਹੀਂ ਹੈ। ਇਸ ਵਿਚ ਅਜਿਹੇ ਪੁਰਸ਼ ਵੀ ਸ਼ਾਮਿਲ ਹਨ ਜਿਹੜੇ ਇਕ ਪਾਸੇ ਉਲਟ-ਜਿਣਸੀ ਹਨ ਅਤੇ ਦੂਜੇ ਪਾਸੇ ਆਪਣੇ ਕਈ ਗੁਣਾਂ ਕਾਰਨ 'ਇਸਤਰੀਤਵ' ਦੇ ਵਧੇਰੇ ਨਜ਼ਦੀਕ ਹਨ। ਅਜਿਹੇ ਲੋਕਾਂ ਨੂੰ ਸਥਾਪਤੀ ਦੁਆਰਾ, ਕਾਇਰ, ਡਰਪੋਕ, ਜਨਾਨੜੇ, ਭੌਂਦੂ, ਮਾਂ ਦਾ ਲਾਡਲਾ, ਬੀਵੀ ਦਾ ਗ਼ੁਲਾਮ, ਖੱਸੀ, ਫੋਸੜ ਆਦਿ ਵਿਸ਼ੇਸ਼ਣ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਗੌਣ ਪੁਰਸ਼ਤਵ, ਪੁਰਸ਼ਤਵ ਦਾ ਅਜਿਹਾ ਰੂਪ ਹੈ ਜਿਸ ਵਿਚ ਸਮਲਿੰਗੀ ਸਬੰਧ ਰੱਖਣ ਵਾਲੇ ਪੁਰਸ਼ ਅਤੇ ਉਲਟ-ਜਿਣਸੀ ਹੋਣ ਦੇ ਬਾਵਜੂਦ 'ਇਸਤਰੀਤਵ' ਨਾਲ ਨੇੜਤਾ ਰੱਖਣ ਵਾਲੇ ਪੁਰਸ਼ਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਅਜਿਹੇ ਪੁਰਸ਼ਤਵ ਦੇ ਧਾਰਨੀ ਲੋਕਾਂ ਨੂੰ ਪੁਰਸ਼ਾਂ ਵਿਚਲੀ ਲਿੰਗਕ ਦਰਜੇਬੰਦੀ ਵਿਚ ਸਭ ਤੋਂ ਹੇਠਲਾ ਸਥਾਨ ਪ੍ਰਾਪਤ ਹੁੰਦਾ ਹੈ।

**ਪੇਚੀਦਾ/ਰਲਵਾਂ ਪੁਰਸ਼ਤਵ:**

ਆਰ. ਡਬਲਿਊ. ਕੋਨਲ ਅਨੁਸਾਰ ਗ਼ਾਲਿਬ ਪੁਰਸ਼ਤਵ ਨੂੰ ਪੂਰੀ ਤਰ੍ਹਾਂ ਨਿਭਾਉਣਾ ਆਸਾਨ ਨਹੀਂ ਹੁੰਦਾ ਹੈ। ਅਸਲ ਵਿਚ ਅਜਿਹੇ ਲੋਕ ਬਹੁਤ ਥੋੜ੍ਹੇ ਹੁੰਦੇ ਹਨ ਜੋ ਪੂਰੀ ਤਰ੍ਹਾਂ ਗ਼ਾਲਿਬ ਪੁਰਸ਼ਤਵ ਨੂੰ ਨਿਭਾਉਂਦੇ ਹਨ। ਇਸ ਦਾ ਮੂਲ ਕਾਰਨ ਪੁਰਸ਼ ਅਤੇ ਪੁਰਸ਼ਤਵ ਦੇ ਕੁਦਰਤੀ ਰੂਪ ਵਿਚ ਬਹੁ-ਭਿੰਨੇ ਹੋਣ ਵਿਚ ਨਿਹਿਤ ਹੈ।

ਪੁਰਸ਼ਤਵ ਦਾ ਵੰਨ-ਸੁਵੰਨਾ ਕੁਦਰਤੀ ਰੂਪ ਗ਼ਾਲਿਬ ਪੁਰਸ਼ਤਵ ਦੇ ਇਕਹਿਰੇ, ਕਲਪਿਤ ਰੂਪ ਦੇ ਵਿਪਰੀਤ ਹੈ। ਪੁਰਸ਼ਤਵ ਦੇ ਗ਼ੈਰ ਕੁਦਰਤੀ ਰੂਪ ਨੂੰ ਨਿਭਾਉਣਾ ਅਤਿਅੰਤ ਮੁਸ਼ਕਿਲ ਕਾਰਜ ਹੈ। ਇਸ ਕਾਰਨ ਇਸ ਦੀ ਇੰਨ-ਬਿੰਨ ਪਿਛਲੱਗਤਾ ਸੰਭਵ ਨਹੀਂ ਹੋ ਪਾਉਂਦੀ ਹੈ। ਗ਼ਾਲਿਬ ਪੁਰਸ਼ਤਵ, ਅਸਲ ਵਿਚ ਪੁਰਸ਼ਤਵ ਦਾ ਇਕ ਆਦਰਸ਼ਕ ਰੂਪ ਹੈ। ਇਹ ਆਦਰਸ਼ਕ ਇਸੇ ਕਾਰਨ ਹੈ ਕਿ ਇਹ ਯਥਾਰਥਕ ਨਹੀਂ ਹੈ। ਇਹ ਅਕਸਰ ਨਹੀ ਵਾਪਰਦਾ ਪਰ ਇਸ ਦੇ ਵਾਪਰਨ ਦੀ ਅਕਸਰ ਉਮੀਦ ਕੀਤੀ ਜਾਂਦੀ ਹੈ।

ਆਦਰਸ਼ਕ ਰੂਪ ਦੀ ਇੰਨ-ਬਿੰਨ ਪਾਲਣਾ ਦੀ ਔਖਿਆਈ ਦੇ ਸਨਮੁੱਖ ਹੀ ਪੇਚੀਦਾ/ਰਲਵਾਂ ਪੁਰਸ਼ਤਵ ਹੋਂਦ ਗ੍ਰਹਿਣ ਕਰਦਾ ਹੈ। ਪੁਰਸ਼ਤਵ ਦਾ ਇਹ ਰੂਪ ਆਦਰਸ਼ਕ ਅਤੇ ਗੌਣ ਪੁਰਸ਼ਤਵ ਦੇ ਵਿਚ-ਵਿਚਕਾਰ ਵਾਪਰਦਾ ਹੈ। ਪੁਰਸ਼ਤਵ ਦੇ ਇਹ ਰੂਪ ਇਕ ਪਾਸੇ ਗ਼ਾਲਿਬ ਪੁਰਸ਼ਤਵ ਵਰਗਾ ਹੋਣ ਦੀ ਲਗਾਤਾਰ ਕੋਸ਼ਿਸ਼ ਕਰਦਾ ਅਤੇ ਦੂਜੇ ਪਾਸੇ ਗ਼ਾਲਿਬ ਪੁਰਸ਼ਤਵ ਤੋਂ ਵੱਖਰਾ ਹੋਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਪੁਰਸ਼ਤਵ ਦਾ ਇਹ ਰੂਪ ਸਥਾਪਿਤ ਪ੍ਰਭਾਵੀ ਮਾਪਦੰਡਾਂ ਅਨੁਸਾਰ ਕਿਰਿਆਸ਼ੀਲ ਹੁੰਦਾ ਹੈ। ਸਥਾਪਤੀ ਅਨੁਸਾਰੀ ਹੋਣ ਕਰਕੇ ਸਥਾਪਤੀ ਅਤੇ ਸੱਤਾ ਨਾਲ ਜੁੜੇ ਲਾਭ ਪ੍ਰਾਪਤ ਕਰਦਾ ਹੈ। ਅਸਲ ਵਿਚ ਕੋਈ ਜੈਂਡਰ ਪਛਾਣ ਜਿੰਨਾ ਗ਼ਾਲਿਬ ਪੁਰਸ਼ਤਵ ਨੇੜੇ ਹੁੰਦੀ ਜਾਂਦੀ ਓਨੇ ਹੀ ਜ਼ਿਆਦਾ ਲਾਭ ਪ੍ਰਾਪਤ ਕਰਦੀ ਹੈ। ਕੋਨਲ ਇਸ ਪ੍ਰਸੰਗ ਵਿਚ ਲਿਖਦਾ ਹੈ:

> ਬਹੁ-ਗਿਣਤੀ ਲੋਕ ਅਜਿਹੇ ਹਨ ਜੋ ਗ਼ਾਲਿਬ ਪੁਰਸ਼ਤਵ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਉਂਦੇ ਜਾਂ 'ਲੋੜੀਂਦੀ' ਮਾਤਰਾ ਤਕ ਹੀ ਅਪਣਾਉਂਦੇ ਹਨ। ਅਜਿਹੇ ਲੋਕ ਗ਼ਾਲਿਬ ਪੁਰਸ਼ਤਵ ਦਾ ਵਿਰੋਧ ਨਾ ਕਰਦਿਆਂ ਇਸ ਦੁਆਰਾ ਸਿਰਜੇ ਪ੍ਰਬੰਧ ਦਾ ਲਾਭ ਲੈਂਦੇ ਹਨ। ਮਿਸਾਲ ਵਜੋਂ ਪਿਤਰਕੀ ਸਮਾਜ ਅੰਦਰ ਪੁਰਸ਼ ਦੀ ਸਥਿਤੀ ਸੱਤਾਵਾਨ ਅਤੇ ਔਰਤ ਦੀ ਅਧੀਨਗੀ ਵਾਲੀ ਹੋਣ ਦਾ ਲਾਭ ਲਗਭਗ ਸਾਰੇ ਹੀ ਪੁਰਸ਼ (ਭਾਵੇਂ ਉਹ ਕਿਸੇ ਵੀ ਰੂਪ ਨਾਲ ਸਬੰਧਿਤ ਹੋਣ) ਲੈਂਦੇ ਹਨ।[15]

ਪੇਚੀਦਾ ਜਾਂ ਰਲਵਾਂ ਪੁਰਸ਼ਤਵ, ਪੁਰਸ਼ਤਵ ਦਾ ਉਹ ਰੂਪ ਹੈ ਜੋ ਪੁਰਸ਼ ਦੀ ਪਰੰਪਰਕ ਅਤੇ ਪਿਤਰਕੀ ਭੂਮਿਕਾ ਵੀ ਨਿਭਾਉਂਦਾ ਹੈ ਅਤੇ ਇਸ ਤੋਂ ਵੱਖਰਾ ਵੀ ਹੁੰਦਾ ਹੈ। ਇਹ ਰੂਪ ਸਥਾਪਿਤ ਪੈਮਾਨਿਆਂ ਨੂੰ ਪੂਰੀ ਤਰ੍ਹਾਂ ਅਪਣਾਉਂਦਾ ਵੀ ਨਹੀਂ ਅਤੇ ਇਨ੍ਹਾਂ ਦਾ ਪੂਰੀ ਤਰ੍ਹਾਂ ਵਿਰੋਧ ਵੀ ਨਹੀਂ ਕਰਦਾ। ਇਹ ਹਮੇਸ਼ਾ ਨਾਪ-ਤੋਲ (Negotiation) ਦੀ ਅਵਸਥਾ ਵਿਚ ਰਹਿੰਦਾ ਹੈ। ਇਹ ਪਿਤਰ-ਸੱਤਾ ਤੋਂ ਲਏ ਜਾ ਸਕਦੇ ਪੁਰਸ਼ ਹੋਣ ਦੇ ਲਾਭ ਵੀ ਪ੍ਰਾਪਤ ਕਰਦਾ ਹੈ, ਪਰ ਗ਼ਾਲਿਬ ਪੁਰਸ਼ਤਵ ਦੀ ਤਰ੍ਹਾਂ ਪਿਤਰਕੀ ਪੁਰਸ਼ਤਵ ਨਾਲ ਪ੍ਰਤੀਬੱਧ ਵੀ ਨਹੀਂ ਹੁੰਦਾ ਹੈ। ਕੋਨਲ ਦਾ ਕਥਨ ਹੈ ਕਿ, ਜਿਵੇਂ ਫ਼ੌਜ ਦੇ ਕਈ ਫ਼ੌਜੀ ਅੱਗੇ ਹੋ ਕੇ ਲੜਦੇ ਵੀ ਨਹੀਂ ਅਤੇ ਜਿੱਤ ਦਾ ਅਨੰਦ ਵੀ ਮਾਣਦੇ ਹਨ; ਉਸੇ ਤਰ੍ਹਾਂ ਰਲਵਾਂ/ਪੇਚੀਦਾ ਪੁਰਸ਼ਤਵ ਗ਼ਾਲਿਬ ਪੁਰਸ਼ਤਵ ਤੋਂ ਦੂਰੀ ਵੀ ਬਣਾਈ ਰੱਖਦਾ ਹੈ ਅਤੇ ਇਸ ਦੇ ਸਾਰੇ ਲਾਭ ਵੀ ਲੈਂਦਾ ਹੈ।[16]

ਰਲਵੇਂ ਪੁਰਸ਼ਤਵ ਦਾ ਧਾਰਨੀ ਪੁਰਸ਼ ਆਪਣੇ ਉਲਟ-ਜਿਣਸੀ ਖ਼ਾਸੇ ਕਾਰਨ ਪੁਰਸ਼ਤਵ ਦੇ ਦਾਇਰੇ ਵਿਚ ਵੀ ਰਹਿੰਦਾ ਹੈ ਅਤੇ ਅਜਿਹੇ ਕੰਮ ਵੀ ਕਰਦਾ ਹੈ ਜਿਹੜੇ ਔਰਤਾਂ ਨਾਲ ਜੋੜ ਕੇ ਵੇਖੇ ਜਾਂਦੇ ਹਨ। ਕੋਨਲ ਅਨੁਸਾਰ ਅਜਿਹਾ ਪੁਰਸ਼ ਘਰੇਲੂ ਕੰਮ-ਕਾਜ ਵਿਚ ਔਰਤ ਦਾ ਹੱਥ ਵੰਡਾਉਂਦਾ, ਆਪਣੀ ਮਾਂ ਅਤੇ ਪਤਨੀ ਦੀ ਇੱਜ਼ਤ ਕਰਦਾ ਹੋਇਆ ਅਤੇ ਹਿੰਸਾ ਤੋਂ ਦੂਰ ਰਹਿੰਦਾ ਹੋਇਆ ਵੀ ਆਦਰਸ਼ਕ ਪੁਰਸ਼ ਵਜੋਂ ਆਪਣੀ ਥਾਂ ਮਨਵਾ ਲੈਂਦਾ ਹੈ। ਪੁਰਸ਼ਤਵ ਦਾ ਇਹ ਰੂਪ ਆਪਣੀ ਫ਼ਿਤਰਤ ਵਿਸ਼ੇਸ਼ ਕਾਰਨ ਸਭ ਤੋਂ ਵਧੇਰੇ ਪਾਇਆ ਜਾਂਦਾ ਹੈ।

## ਹਾਸ਼ੀਆਗਤ ਪੁਰਸ਼ਤਵ:

ਹਾਸ਼ੀਆਗਤ ਪੁਰਸ਼ਤਵ ਦੀ ਪਛਾਣ ਦਾ ਆਧਾਰ ਰੰਗ, ਜਾਤ ਅਤੇ ਨਸਲ ਭੇਦ ਹੈ। ਗ਼ਾਲਿਬ, ਗੌਣ ਅਤੇ ਪੇਚੀਦਾ ਪੁਰਸ਼ਤਵ ਜੈਂਡਰ ਦਰਜੇਬੰਦੀ ਦੇ ਅੰਦਰ ਵਿਚਰਦੇ ਹਨ ਪਰ ਹਾਸ਼ੀਆਗਤ ਪੁਰਸ਼ਤਵ ਦਾ ਸਬੰਧ ਜੈਂਡਰ ਦਰਜੇਬੰਦੀ ਨਾਲੋਂ ਰੰਗ, ਜਾਤ ਅਤੇ ਨਸਲ ਭੇਦ ਨਾਲ ਵਧੇਰੇ ਹੈ। ਪੁਰਸ਼ਤਵ ਦੇ ਇਸ ਰੂਪ ਨੂੰ ਕਿਸੇ ਰੰਗ, ਨਸਲ ਜਾਂ ਜਾਤ ਨਾਲ ਸਬੰਧਿਤ ਕਰਕੇ ਦੇਖਿਆ ਜਾਂਦਾ ਹੈ। ਇਸ ਨਾਲ ਸਬੰਧਿਤ ਪੁਰਸ਼ ਆਪਣੀ ਜਾਤ ਜਮਾਤ ਅਤੇ ਨਸਲ ਕਾਰਨ ਗ਼ਾਲਿਬ ਪੁਰਸ਼ਤਵ ਦੇ ਬਹੁਤ ਸਾਰੇ ਲੱਛਣ ਤੋਂ ਵਾਂਝਾ ਹੁੰਦਾ ਹੈ। ਵਿਅਕਤੀ ਭਾਵੇਂ ਪੂਰਨ ਤੌਰ ਤੇ ਗ਼ਾਲਿਬ ਪੁਰਸ਼ਤਵ ਦੇ ਪੈਮਾਨਿਆਂ ਤੇ ਖਰਾ ਉੱਤਰਦਾ ਹੋਵੇ, ਪਰ ਸਿਰਫ਼ ਨਸਲ ਭੇਦ ਕਾਰਨ ਉਸ ਨੂੰ ਗ਼ਾਲਿਬ ਪੁਰਸ਼ਤਵ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ[18]।

ਕੋਨਲ ਇਸ ਬਾਬਤ ਕਾਲੇ ਅਤੇ ਗੋਰਿਆਂ ਦੇ ਪੁਰਸ਼ਤਵ ਦੇ ਵਖਰੇਵੇਂ ਦੀ ਉਦਾਹਰਨ ਦਿੰਦਾ ਹੈ। ਉਸ

ਅਨੁਸਾਰ ਕਾਲੇ ਵਰਗ ਨਾਲ ਸਬੰਧਿਤ ਲੋਕਾਂ ਨੂੰ ਹਿੰਸਾ ਨਾਲ ਜੋੜ ਕੇ ਗੋਰਿਆਂ ਦੇ ਮੁਕਾਬਲੇ ਨੀਵਾਂ ਦਿਖਾਇਆ ਜਾਂਦਾ ਹੈ। ਇਸ ਨੂੰ ਅਸੀਂ ਭਾਰਤੀ ਸਮਾਜ ਵਿਚ ਜਾਤ-ਪਾਤ ਦੇ ਪ੍ਰਸੰਗ ਵਿਚ ਵੀ ਦੇਖ ਸਕਦੇ ਹਾਂ। ਭਾਰਤੀ ਸਮਾਜ ਵਿਚ ਇਕ ਖ਼ਾਸ ਜਾਤ/ਵਰਗ ਦੇ ਲੋਕ ਕਿਸੇ ਹੋਰ ਦੂਸਰੇ ਜਾਤ/ਵਰਗ ਦੇ ਲੋਕਾਂ ਦੇ ਮੁਕਾਬਲੇ ਸੱਤਾ ਵਿਚ ਵਧੇਰੇ ਕਾਬਜ਼ ਹਨ। ਸੱਤਾ 'ਤੇ ਕਾਬਜ਼ ਇਨ੍ਹਾਂ ਲੋਕਾਂ ਦੁਆਰਾ ਨਿਭ੍ਹਾਏ ਜਾਂਦੇ ਪੁਰਸ਼ਤਵ ਦੇ ਰੂਪ ਨੂੰ ਦੂਸਰੇ ਵਰਗ/ਜਾਤ ਦੇ ਲੋਕਾਂ ਦੁਆਰਾ ਨਿਭ੍ਹਾਏ ਜਾਂਦੇ ਪੁਰਸ਼ਤਵ ਰੂਪ ਨਾਲੋਂ ਵਧੇਰੇ ਪ੍ਰਵਾਨਗੀ ਹਾਸਲ ਹੈ। ਕੋਨਲ ਅਨੁਸਾਰ ਪੁਰਸ਼ਤਵ ਦਾ ਇਹ ਰੂਪ ਵੀ ਜੜ੍ਹ ਨਹੀਂ ਹਨ ਸਗੋਂ ਸਮੇਂ ਅਤੇ ਸਥਾਨ ਅਨੁਸਾਰ ਇਸ ਵਿਚ ਵੀ ਬਦਲਾਵ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਕੋਨਲ ਦੁਆਰਾ ਪੇਸ਼ ਕੀਤੇ ਪੁਰਸ਼ਤਵ ਦੇ ਉਪਰੋਕਤ ਰੂਪ ਪੁਰਸ਼ ਅਤੇ ਪੁਰਸ਼ਤਵ ਨੂੰ ਬਹੁਤ ਹੱਦ ਤਕ ਸਮਝਣ ਵਿਚ ਮਦਦ ਕਰਦੇ ਹਨ। ਪੁਰਸ਼ਤਵ ਸਿਧਾਂਤਕਾਰ ਮੰਨਦੇ ਹਨ ਕਿ ਜਿਵੇਂ ਦੇਹਾਂ ਬਹੁ-ਭਾਂਤੀਆਂ ਹਨ ਉਸੇ ਤਰ੍ਹਾਂ ਦੇਹਾਂ ਦੁਆਰਾ ਨਿਭਾਇਆ ਜਾਂਦਾ ਪੁਰਸ਼ਤਵ ਅਤੇ ਨਾਰੀਤਵ ਵੀ ਬਹੁ-ਭਾਂਤੀ ਹੈ। ਇਸ ਲਈ ਪੁਰਸ਼ਤਵ ਨੂੰ ਸਿਰਫ਼ ਚਾਰ ਰੂਪਾਂ ਵਿਚ ਬੰਨ੍ਹ ਦੇਣਾ ਵੀ ਪੁਰਸ਼ਤਵ ਦੇ ਬਹੁ-ਭਾਂਤੇ ਖ਼ਾਸੇ ਲਈ ਨਾ-ਕਾਫ਼ੀ ਹੈ। ਜਦੋਂ ਤੋਂ ਪੁਰਸ਼ ਅਤੇ ਪੁਰਸ਼ਤਵ ਬਾਬਤ ਗੱਲ ਸ਼ੁਰੂ ਹੋਈ ਹੈ ਉਦੋਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਪੁਰਸ਼ ਅਤੇ ਪੁਰਸ਼ਤਵ ਦੇ ਰੂਪਾਂ ਨੂੰ ਸਮਝਣ ਦੀ ਕੋਸ਼ਿਸ਼ ਜਾਰੀ ਹੈ। ਇਸੇ ਪ੍ਰਸੰਗ ਵਿਚ ਪੁਰਸ਼ਤਵ ਦੇ ਇਕ ਹੋਰ ਰੂਪ ਜਿਸ ਨੂੰ **ਅਤਿ-ਪੁਰਸ਼ਤਵ** (Hypermasculinity) ਕਿਹਾ ਜਾਂਦਾ ਹੈ, ਨੂੰ ਸਮਝਣਾ ਵੀ ਜ਼ਰੂਰੀ ਹੈ।

ਅਤਿ-ਪੁਰਸ਼ਤਵ ਨੂੰ (ਦੂਸਰੀਆਂ ਜੈਂਡਰ ਪਛਾਣਾਂ ਉੱਤੇ) ਨਿਯੰਤਰਣ ਹਾਸਿਲ ਕਰਨ ਵਾਲੇ ਖ਼ਤਰੇ ਦੇ ਰੂਪ ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ।[19] ਇਸ ਬਾਬਤ ਸਭ ਤੋਂ ਪਹਿਲਾਂ ਡੋਨਾਲਡ ਐਲ. ਮੋਸ਼ਰ (Donald L. Mosher) ਅਤੇ ਮਾਰਕ ਸਿਰਕਿਨ (Mark Sirkin) ਨੇ ਚਰਚਾ ਕੀਤੀ। ਉਨ੍ਹਾਂ ਦੁਆਰਾ ਇਸ ਦੇ ਤਿੰਨ ਮੁੱਖ ਲੱਛਣ ਦਿੱਤੇ ਗਏ;[20]

1. ਔਰਤਾਂ ਪ੍ਰਤੀ ਬਹੁਤ ਹੀ ਕਠੋਰ ਰਵੱਈਆ।
2. ਹਿੰਸਾ ਨੂੰ ਹੀ ਪੁਰਸ਼ ਦਾ ਅਸਲੀ ਗੁਣ ਮੰਨਣਾ।
3. ਰੁਮਾਂਚਿਤ ਹੋਣ ਲਈ ਖ਼ਤਰਿਆਂ ਨਾਲ ਖੇਡਣਾ।

ਮੋਸ਼ਰ ਅਨੁਸਾਰ ਜਦੋਂ ਪੁਰਸ਼ਤਵ ਦੀ ਵਿਚਾਰਧਾਰਾ ਕਿਸੇ ਵਿਅਕਤੀ ਉੱਪਰ ਲੋੜੋਂ ਵੱਧ ਹਾਵੀ ਹੋ ਜਾਵੇ ਅਤੇ ਉਹ ਆਪਣੇ ਪੁਰਸ਼ਤਵ ਨੂੰ ਸਾਬਿਤ ਕਰਨ ਲਈ ਕੁਝ ਵੀ ਕਰ ਗੁਜ਼ਰੇ, ਅਜਿਹੀ ਸਥਿਤੀ ਵਿਚ ਅਤਿ-ਪੁਰਸ਼ਤਵ ਸਾਕਾਰ ਹੁੰਦਾ ਹੈ।[21] ਅਤਿ-ਪੁਰਸ਼ਤਵ ਦਾ ਧਾਰਨੀ ਵਿਅਕਤੀ ਆਪਣੀਆਂ ਸਹਿਜ ਭਾਵਨਾਵਾਂ ਨੂੰ ਦਬਾਉਂਦਿਆਂ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਸਖ਼ਤ ਅਤੇ ਕਠੋਰ ਰੂਪ ਵਿਚ ਪੇਸ਼ ਕਰਦਾ ਹੈ। ਔਰਤਾਂ ਅਤੇ ਨਿਰਬਲਾਂ ਨੂੰ ਤ੍ਰਿਸਕਾਰਦਿਆਂ ਉਨ੍ਹਾਂ ਨਾਲ ਹਿੰਸਾ ਕਰਦਾ ਹੈ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹਰ ਸਮੇਂ ਖ਼ਤਰਿਆਂ ਵਿਚ ਰਹਿਣ ਨੂੰ ਤਰਜੀਹ ਦਿੰਦਾ ਹੈ।

ਅਤਿ-ਪੁਰਸ਼ਤਵ, ਪੁਰਸ਼ਤਵ ਦੇ ਪ੍ਰਚੰਡ ਵਿਹਾਰ ਅਤੇ ਗੁਣਾਂ ਨੂੰ ਰੂਪਮਾਨ ਕਰਦਾ ਹੈ, ਜਿਵੇਂ ਕਿ ਬਹੁਤ ਜ਼ਿਆਦਾ ਸ਼ਰਾਬ ਪੀਣਾ, ਕੁੱਟ-ਮਾਰ ਕਰਨਾ, ਘਰੇਲੂ ਹਿੰਸਾ, ਯੌਨ-ਸਬੰਧ ਬਣਾਉਣ ਦੀ ਤੀਬਰ ਇੱਛਾ ਰੱਖਣਾ ਅਤੇ ਬਲਾਤਕਾਰ ਕਰਨਾ ਆਦਿ। ਪੁਰਸ਼ਤਵ ਦੇ ਇਸ ਰੂਪ ਦੀ ਅਭਿਵਿਅਕਤੀ ਲੜਕਪਨ ਦੀ ਅਵਸਥਾ ਅਤੇ ਜਵਾਨੀ ਦੇ ਮੁੱਢਲੇ ਪੜਾਅ 'ਤੇ ਜ਼ਿਆਦਾ ਦੇਖੀ ਜਾਂਦੀ ਹੈ। ਇਸ ਪੜਾਅ 'ਤੇ ਉਨ੍ਹਾਂ ਲਈ ਆਪਣੇ ਆਪ ਨੂੰ 'ਅਸਲੀ ਪੁਰਸ਼' ਸਾਬਿਤ ਕਰਨਾ ਅਹਿਮ ਗੱਲ ਹੁੰਦੀ ਹੈ। ਹਮ ਉਮਰਾਂ ਵਿਚ ਆਪਣਾ ਪੁਰਸ਼ਤਵ ਸਾਬਿਤ ਕਰਨ ਲਈ ਉਹ ਲੜਾਈ-ਝਗੜੇ, ਕੁੱਟਮਾਰ ਜਾਂ ਹੋਰ ਕਈ ਤਰ੍ਹਾਂ ਦੇ ਖ਼ਤਰੇ ਮੁੱਲ ਲੈਂਦੇ ਹਨ। ਇਸ ਤਰ੍ਹਾਂ ਪੁਰਸ਼ਤਵ ਸਿਧਾਂਤਕਾਰੀ ਵਿਚ ਇਹ ਪੁਰਸ਼ਤਵ ਦਾ ਅਜਿਹਾ ਰੂਪ ਹੈ ਜਿਸ ਦਾ ਸਬੰਧ ਉਮਰ ਨਾਲ ਵੀ ਜੁੜਦਾ ਹੈ।

ਇਸ ਰੂਪ ਦੀ ਅਭਿਵਿਅਕਤੀ ਗ਼ਰੀਬ ਜਮਾਤ ਅਤੇ ਸਮਾਜਕ ਤੌਰ 'ਤੇ ਪਛੜੇ ਵਰਗਾਂ ਦੇ ਪੁਰਸ਼ਾਂ ਵਿਚ ਵਧੇਰੇ ਪਾਈ ਜਾਂਦੀ ਹੈ। ਇਸ ਲਈ ਪੁਰਸ਼ਤਵ ਦਾ ਇਹ ਰੂਪ ਅਜਿਹੇ ਪੁਰਸ਼ ਦੀ ਮਾਨਸਿਕਤਾ ਨੂੰ ਵੀ ਦਰਸਾਉਂਦਾ ਹੈ ਜਿਹੜਾ ਪੁਰਸ਼-ਸੱਤਾ ਦੇ ਪ੍ਰਵਚਨ ਵਿਚ ਆਪਣੇ ਪੁਰਸ਼ਤਵ ਦੀ ਮਹੱਤਤਾ ਸਾਬਿਤ ਨਾ ਕਰ ਸਕਿਆ ਹੋਵੇ। ਅਜਿਹਾ ਪੁਰਸ਼ ਆਪਣੀ ਅਧੀਨਗੀ, ਸ਼ਰਮ ਅਤੇ ਡਰ ਨੂੰ ਗ਼ੁੱਸੇ ਵਜੋਂ ਬਾਹਰ ਕੱਢਦਾ ਹੈ ਅਤੇ ਘਰੇਲੂ ਹਿੰਸਾ ਕਰਦਿਆਂ ਔਰਤ ਦਾ ਸ਼ੋਸ਼ਣ ਕਰਦਾ ਹੈ। ਬੈੱਲ ਹੁੱਕਸ (Bell hooks) ਆਪਣੀ ਪੁਸਤਕ The will to change: Men, Masculinity and Love ਵਿਚ ਲਿਖਦੀ ਹੈ:

> ਬਹੁਤ ਸਾਰੇ ਮਨੁੱਖ ਆਪਣੀਆਂ ਦਮਿਤ ਭਾਵਨਾਵਾਂ ਜਿਵੇਂ ਡਰ ਅਤੇ ਸ਼ਰਮ ਦਾ ਪ੍ਰਗਟਾਵਾ

ਆਪਣੇ ਪਰਿਵਾਰ ਖ਼ਾਸ ਤੌਰ ਤੇ ਆਪਣੀ ਪਤਨੀ ਉੱਪਰ ਹਿੰਸਾ ਕਰਨ ਦੇ ਰੂਪ ਵਿਚ ਪ੍ਰਗਟ ਕਰਦੇ ਹਨ। ਗ਼ੁੱਸਾ ਪੁਰਸ਼ ਦੇ ਭਾਵਾਂ ਦੀ ਅਜਿਹੀ ਛੁਪਣਗਾਹ ਹੈ ਜਿੱਥੇ ਉਸ ਦੇ ਬਹੁਤ ਸਾਰੇ ਦਮਿਤ ਭਾਵ ਛੁਪੇ ਰਹਿੰਦੇ ਹਨ। ਅਜਿਹੇ ਪੁਰਸ਼ ਆਪਣੇ ਗ਼ੁੱਸੇ ਦੀ ਸ਼ਬਦਾਂ ਜਾਂ ਸਰੀਰਕ ਕਿਰਿਆਵਾਂ ਰਾਹੀਂ ਪੂਰਤੀ ਕਰਕੇ ਆਪਣੇ ਆਪ ਨੂੰ ਤਕੜਾ (ਸੱਤਾਵਾਨ) ਹੋਇਆ ਮਹਿਸੂਸ ਕਰਦੇ ਹਨ।[22]

ਅਤਿ-ਪੁਰਸ਼ਤਵ ਕਾਰਨ ਜਿੱਥੇ ਪੁਰਸ਼ ਔਰਤ ਪ੍ਰਤੀ ਹਿੰਸਕ ਬਣ ਜਾਂਦਾ ਹੈ, ਉੱਥੇ ਹੀ ਪੁਰਸ਼ਤਵ ਦੇ ਇਸ ਰੂਪ ਕਾਰਨ ਪੁਰਸ਼ਾਂ ਦੀ ਪੁਰਸ਼ਾਂ ਉੱਪਰ ਹਿੰਸਾ ਵੀ ਸਾਹਮਣੇ ਆਉਂਦੀ ਹੈ। ਅਜਿਹੇ ਪੁਰਸ਼ ਆਪਣੇ ਆਪ ਨੂੰ 'ਅਸਲੀ ਪੁਰਸ਼' ਸਾਬਿਤ ਕਰਦਿਆਂ ਸਰੀਰਕ ਤੌਰ 'ਤੇ ਕਮਜ਼ੋਰ ਅਤੇ ਇਸਤਰੀਤਵ ਦੇ ਨਜ਼ਦੀਕ ਪੁਰਸ਼ਾਂ ਦਾ ਵੀ ਸ਼ੋਸ਼ਣ ਕਰਦੇ ਹਨ। ਅਤਿ ਪੁਰਸ਼ਤਵ ਨੂੰ ਸਮਝਣ ਲਈ ਇਸਦੇ ਪਰਿਪੇਖ ਨੂੰ ਸਮਝਣਾ ਜ਼ਰੂਰੀ ਹੈ। ਪੁਰਸ਼ਤਵ ਦਾ ਇਹ ਰੂਪ ਸਦੀਵੀ ਨਹੀਂ ਸਗੋਂ ਥੋੜ੍ਹ ਚਿਰਾ ਹੈ। ਅਜਿਹੇ ਵਿਅਕਤੀ ਜਿਨ੍ਹਾਂ ਕੋਲ ਗ਼ਾਲਿਬ ਪੁਰਸ਼ਤਵ ਦੀ ਸੱਤਾ ਅਤੇ ਸਰੀਰਕ ਸਮਰੱਥਾ ਹੈ ਉਹ ਇਸਦੀ ਅਭਿਵਿਅਕਤੀ ਨਹੀਂ ਕਰਦੇ। ਜਿਹੜੇ ਮਨੁੱਖ ਦਾ ਪੁਰਸ਼ਤਵ ਗ਼ਾਲਿਬ ਰੂਪ ਵਿਚੋਂ ਬਾਹਰ ਨਿਕਲ ਜਾਂਦਾ ਹੈ ਅਜਿਹੇ ਵਿਅਕਤੀ ਇਸਦਾ ਸਹਾਰਾ ਲੈਂਦੇ ਹਨ। ਕਈ ਵਾਰ ਅਜਿਹੇ ਵਿਅਕਤੀ ਕੋਲੋਂ ਹਾਸ਼ੀਆਗਤ ਪੁਰਸ਼ਤਵ ਵਾਲੀ ਥਾਂ ਵੀ ਖੁੱਸ ਜਾਂਦੀ ਹੈ। ਇਸ ਲਈ ਅਜਿਹੇ ਲੋਕ ਔਰਤਾਂ ਪ੍ਰਤੀ ਬਹੁਤ ਹੀ ਹਿੰਸਕ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਜਾਪਦਾ ਹੈ ਕਿ ਆਪਣੇ ਪੁਰਸ਼ਤਵ ਨੂੰ ਸਥਾਪਿਤ ਕਰਨ ਦਾ ਇਹੋ ਸਹੀ ਤਰੀਕਾ ਹੈ। ਅਤਿ-ਪੁਰਸ਼ਤਵ ਨੂੰ ਸੱਤਾ-ਹੀਣਤਾ ਦੀ ਪੂਰਤੀ ਅਤੇ ਪੁਰਸ਼ਤਵ ਦੀ ਖੁੱਸੀ ਹੋਂਦ ਨੂੰ ਮੁੜ ਸਥਾਪਿਤ ਕਰਨ ਦੇ ਯਤਨ ਵਜੋਂ ਵੀ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ

ਅਤਿ-ਪੁਰਸ਼ਤਵ ਪੁਰਸ਼ ਦੁਆਰਾ ਆਪਣੇ ਪੁਰਸ਼ਤਵ ਨੂੰ ਪ੍ਰਭਾਵੀ ਰੂਪ ਵਿਚ ਸਾਬਿਤ ਕਰਨ ਨਾਲ ਸਬੰਧਿਤ ਹੈ। ਇਸ ਲਈ ਇਹ ਪੁਰਸ਼ਤਵ ਜਿੱਥੇ ਔਰਤਾਂ ਅਤੇ ਪੁਰਸ਼ਤਵ ਦੇ ਹੋਰ ਰੂਪਾਂ ਦੇ ਸ਼ੋਸ਼ਣ ਦਾ ਕਾਰਨ ਬਣਦਾ ਹੈ ਉੱਥੇ ਹੀ ਪੁਰਸ਼ ਦੁਆਰਾ ਆਪਣੇ ਆਪੇ ਦੇ ਸ਼ੋਸ਼ਣ ਦਾ ਕਾਰਨ ਵੀ ਬਣਦਾ ਹੈ। ਅਜਿਹੇ ਪੁਰਸ਼ਤਵ ਦਾ ਧਾਰਨੀ ਵਿਅਕਤੀ ਆਪਣੇ ਪੁਰਸ਼ਤਵ ਨੂੰ ਸਾਬਿਤ ਕਰਨ ਲਈ ਵਾਰ-ਵਾਰ ਖ਼ਤਰਿਆਂ ਦੇ ਸਨਮੁੱਖ ਹੁੰਦਾ ਹੈ। ਅਜਿਹੀ ਸਥਿਤੀ ਵਿਚ ਉਹ ਆਪਣੇ ਆਪ ਲਈ ਵੀ ਖ਼ਤਰਾ ਬਣ ਜਾਂਦਾ ਹੈ। ਉਹ ਆਪਣੀ ਜ਼ਿੰਦਗੀ ਦੇ ਆਮ ਹਾਲਤਾਂ ਵਿਚ ਅਜਿਹੇ ਕੰਮ ਕਰਦਾ ਹੈ ਜੋ ਉਸ ਦੇ ਆਪੇ ਲਈ ਹੀ ਨੁਕਸਾਨਦਾਇਕ ਹੁੰਦੇ ਹਨ। ਉਦਾਹਰਨ ਵਜੋਂ ਲੜਾਈ ਝਗੜੇ ਕਰਨਾ, ਤੇਜ਼ ਰਫ਼ਤਾਰ ਗੱਡੀ ਚਲਾਉਣਾ, ਬਹੁਤ ਜ਼ਿਆਦਾ ਨਸ਼ਾ ਕਰਨਾ, ਬਹੁਤ ਜ਼ਿਆਦਾ ਕਾਮ ਸਬੰਧ ਬਣਾਉਣਾ ਅਤੇ ਕਾਮ ਸਬੰਧ ਬਣਾਉਂਦਿਆਂ ਕਿਸੇ ਤਰ੍ਹਾਂ ਦੀ ਸੁਰੱਖਿਆ ਨਾ ਰੱਖਣਾ।

ਅਤਿ-ਪੁਰਸ਼ਤਵ ਨਾਲ ਮਿਲਦੇ-ਜੁਲਦੇ ਪੁਰਸ਼ਤਵ ਦੇ ਇਕ ਹੋਰ ਰੂਪ ਜ਼ਹਿਰੀਲਾ ਪੁਰਸ਼ਤਵ (Toxic Masculinity) ਬਾਬਤ ਵੀ ਵਿਚਾਰ-ਚਰਚਾ ਮਿਲਦੀ ਹੈ। ਵਿਕੀਪੀਡੀਆ ਅਨੁਸਾਰ ਇਸ ਪੁਰਸ਼ਤਵ ਦਾ ਧਾਰਨੀ ਵਿਅਕਤੀ ਘਰੇਲੂ ਹਿੰਸਾ, ਯੌਨ ਸ਼ੋਸ਼ਣ, ਅਤੇ ਇਸ ਤਰ੍ਹਾਂ ਦੀਆਂ ਹੋਰ ਹਿੰਸਕ (ਪੁਰਸ਼ਵਾਦੀ ਵਿਚਾਰਧਾਰਾ ਦੀਆਂ ਰੂੜ੍ਹੀਵਾਦੀ) ਗਤੀਵਿਧੀਆਂ ਨੂੰ ਹੀ ਆਪਣਾ ਅਸਲ ਕਾਰਜ ਮੰਨਦਾ ਹੈ।[24] ਅਜਿਹਾ ਪੁਰਸ਼ ਨਾ ਕੇਵਲ ਆਪਣੇ ਲਈ ਸਗੋਂ ਸਮਾਜ ਲਈ ਵੀ ਖ਼ਤਰਾ ਬਣਦਾ ਹੈ। ਇਸੇ ਲਈ ਪੁਰਸ਼ਤਵ ਦੇ ਇਸ ਰੂਪ ਨੂੰ ਸਮਾਜ ਲਈ ਜ਼ਹਿਰੀਲਾ (Toxic) ਮੰਨਿਆ ਗਿਆ ਹੈ। ਮੇਰੀ ਜਾਚੇ ਪੁਰਸ਼ਤਵ ਦਾ ਇਹ ਰੂਪ ਕੋਈ ਵੱਖਰਾ ਰੂਪ ਨਹੀਂ ਹੈ। ਅਤਿ-ਪੁਰਸ਼ਤਵ ਜਦੋਂ ਆਪਣੇ ਪ੍ਰਚੰਡ ਰੂਪ ਵਿਚ ਸਾਕਾਰ ਹੁੰਦਾ ਹੈ ਉਦੋਂ ਅਤਿ-ਪੁਰਸ਼ਤਵ ਹੀ ਜ਼ਹਿਰੀਲੇ ਪੁਰਸ਼ਤਵ ਵਿਚ ਬਦਲ ਜਾਂਦਾ ਹੈ।

ਪੁਰਸ਼ਤਵ ਦੇ ਬਹੁਤ ਸਾਰੇ ਗੁਣ/ਲੱਛਣ ਹਨ ਜੋ ਅਕਸਰ ਨਰ ਦੇਹ ਨਾਲ ਹੀ ਜੋੜ ਕੇ ਵੇਖੇ ਜਾਂਦੇ ਹਨ। ਇਸ ਪ੍ਰਕਿਰਿਆ ਵਿਚ ਨਾਰੀ ਦੇਹ ਵਿਚਲੇ ਪੁਰਸ਼ਤਵ ਦੇ ਬਹੁਤ ਸਾਰੇ ਗੁਣ ਅਣ-ਦੇਖੇ ਰਹਿ ਜਾਂਦੇ ਹਨ। ਹਮੇਸ਼ਾ ਹੀ ਮਾਦਾ ਦੇਹ ਵਿਚ ਵੱਧ ਜਾਂ ਘੱਟ ਮਾਤਰਾ ਵਿਚ ਪੁਰਸ਼ਤਵ ਦੀ ਮੌਜੂਦਗੀ ਹੁੰਦੀ ਹੈ। ਇਸ ਲਈ ਮਾਦਾ ਦੇਹ ਅਤੇ ਪੁਰਸ਼ਤਵ ਦੇ ਗੁਣਾਂ ਦੀ ਇਕਰੂਪਤਾ ਕੋਈ ਅਵੱਲੀ ਗੱਲ ਨਹੀਂ ਹੈ। ਪੁਰਸ਼ਤਵ ਦਾ ਸਬੰਧ ਜ਼ਾਹਿਰਾ ਤੌਰ 'ਤੇ ਦੇਹ ਨਾਲ ਨਹੀਂ ਸਗੋਂ ਦੇਹੀਗਤ ਵਿਹਾਰ ਨਾਲ ਹੈ। ਇਸ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਪੁਰਸ਼ਤਵ ਸਿਰਫ਼ ਨਰ ਦੇਹ ਲਈ ਹੀ ਰਾਖਵਾਂ ਨਹੀਂ ਹੈ ਅਤੇ ਇਸ ਨੂੰ ਸਿਰਫ਼ ਨਰ ਦੇਹ ਦੁਆਰਾ ਹੀ ਧਾਰਨ ਨਹੀਂ ਕੀਤਾ ਜਾਂਦਾ ਹੈ। ਪੁਰਸ਼ਤਵ ਨੂੰ ਔਰਤਾਂ, ਸਮਲਿੰਗੀਆਂ ਅਤੇ ਅੰਤਰ-ਲਿੰਗੀ ਵਿਅਕਤੀਆਂ ਦੁਆਰਾ ਵੀ ਧਾਰਨ ਕੀਤਾ ਅਤੇ ਨਿਭਾਇਆ ਜਾਂਦਾ ਹੈ। ਜਦੋਂ ਕੋਈ ਔਰਤ ਵਿਹਾਰਕ ਪੱਧਰ 'ਤੇ ਪੁਰਸ਼ਤਵ ਦੇ ਲੱਛਣਾਂ ਨੂੰ ਨਿਭਾਉਂਦੀ ਹੈ ਉਸ ਸਥਿਤੀ ਵਿਚ ਉਹ ਔਰਤ ਵੀ ਪੁਰਸ਼ਤਵ ਦੀ ਧਾਰਨੀ ਬਣ ਜਾਂਦੀ ਹੈ। ਉਸ ਦੁਆਰਾ ਕੀਤਾ

ਜਾਂਦਾ ਕੰਮ ਉਸ ਵਿਚਲੇ ਪੁਰਸ਼ਤਵ ਨੂੰ ਉਜਾਗਰ ਕਰਦਾ ਹੈ। ਇਸ ਨੂੰ ਨਾਰੀ ਪੁਰਸ਼ਤਵ (Female Masculinity) ਕਿਹਾ ਜਾ ਸਕਦਾ ਹੈ। ਜੂਡਿਥ ਬਟਲਰ (Judith Butler) ਦਾ ਕਥਨ ਕਿ ਸਮਾਜ ਸਭਿਆਚਾਰ ਦੁਆਰਾ ਨਿਰਮਿਤ ਜੈਂਡਰ ਦਾ ਸਬੰਧ ਵਿਅਕਤੀ ਦੀ ਦੇਹ ਨਾਲ ਨਹੀਂ ਸਗੋਂ ਦੇਹ ਦੁਆਰਾ ਕੀਤੇ ਕੰਮ/ਵਿਵਹਾਰ ਨਾਲ ਹੈ ਨਾਰੀ ਪੁਰਸ਼ਤਵ ਦੀ ਸਪੱਸ਼ਟ ਉਦਾਹਰਨ ਹੈ। ਇਹ ਕਥਨ ਨਾਰੀ ਪੁਰਸ਼ਤਵ ਦੀ ਸੰਭਾਵਨਾ ਅਤੇ ਤਾਰਕਿਕਤਾ ਨੂੰ ਉਭਾਰਦਾ ਹੈ।

ਜੂਡਿਥ ਹਾਲਬਰਸਟਮ (Judith Halberstam) ਨੇ ਆਪਣੀ ਪੁਸਤਕ Female Masculinity ਵਿਚ ਪਹਿਲੀ ਵਾਰ ਨਾਰੀ ਪੁਰਸ਼ਤਵ ਬਾਬਤ ਵਿਸਤਰਿਤ ਚਰਚਾ ਕੀਤੀ ਸੀ। ਉਸ ਨੇ ਪਹਿਲੀ ਵਾਰ ਪੁਰਸ਼ਤਵ ਨੂੰ ਪੁਰਸ਼ਤਵ ਦੇ ਅਜਿਹੇ ਰੂਪ ਵਜੋਂ ਪ੍ਰਭਾਸ਼ਿਤ ਕੀਤਾ ਜਿਹੜਾ ਪੁਰਸ਼ ਦੇਹ ਦੀ ਗੈਰ ਮੌਜੂਦਗੀ ਵਿਚ ਸੰਭਵ ਹੁੰਦਾ ਹੈ। ਹਾਲਬਰਸਟਮ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ ਕਿ ਜੈਂਡਰ ਸਮਾਜ-ਸਭਿਆਚਾਰਕ ਘਾੜਤ ਹੈ। ਇਸ ਕਾਰਨ ਪੁਰਸ਼ਤਵ ਵੀ ਸਮਾਜ ਸਭਿਆਚਾਰਕ ਘਾੜਤ ਹੈ ਅਤੇ ਇਸ ਨੂੰ ਨਰ ਅਤੇ ਮਾਦਾ ਤਮਾਮ ਕਿਸਮ ਦੀਆਂ ਜੈਂਡਰ ਪਛਾਣਾਂ ਵੱਲੋਂ ਧਾਰਨ ਕੀਤਾ ਅਤੇ ਨਿਭਾਇਆ ਜਾ ਸਕਦਾ ਹੈ।

ਔਰਤਾਂ ਦੁਆਰਾ ਸਵੈ-ਨਿਰਭਰ ਜੀਵਨ ਜਿਊਣਾ ਵਿਹਾਰ ਦੇ ਨਵੇਂ ਲੱਛਣਾਂ ਨੂੰ ਜਨਮ ਦਿੰਦਾ ਹੈ ਜੋ ਨਾਰੀ ਪੁਰਸ਼ਤਵ ਵਜੋਂ ਸਾਕਾਰ ਹੁੰਦੇ ਹਨ। ਸਥਾਪਤ ਪ੍ਰਵਚਨ ਨਾਰੀ ਨੂੰ ਮਮਤਾਮਈ, ਨਿਰਬਲ, ਅਧੀਨ, ਅਤੇ ਕਰੁਣਾਮਈ (ਨਾਰੀਤਵੀ) ਰੂਪ ਵਿਚ ਹੀ ਪ੍ਰਵਾਨ ਕਰਦਾ ਹੈ। ਜਦੋਂ ਨਾਰੀ ਸੱਤਾ ਵਿਚ ਆਉਂਦੀ ਹੈ ਅਤੇ ਪੁਰਸ਼ਤਵੀ (Masculine) ਰੂਪ ਵਿਚ ਵਿਚਰਦੀ ਹੈ; ਅਜਿਹੀ ਸਥਿਤੀ ਵਿਚ ਨਾਰੀ ਪੁਰਸ਼ਤਵ ਨੂੰ ਜਨਮ ਦਿੰਦੀ ਹੈ। ਨਾਰੀ ਪੁਰਸ਼ਤਵ ਦਾ ਵਿਰੋਧ ਦਿਸਦੇ-ਅਣਦਿਸਦੇ ਦੋਵੇਂ ਪੱਧਰਾਂ 'ਤੇ ਪੁਰਸ਼ਵਾਦੀ ਧਿਰਾਂ ਵੱਲੋਂ ਕੀਤਾ ਜਾਂਦਾ ਹੈ।

ਹਾਲਬਰਸਟਮ ਅਨੁਸਾਰ ਨਾਰੀ ਪੁਰਸ਼ਤਵ ਦਾ ਆਪਣਾ ਸਮਾਜ-ਸਭਿਆਚਾਰਕ ਅਤੇ ਇਤਿਹਾਸਕ ਪ੍ਰਸੰਗ ਹੈ ਅਤੇ ਇਸ ਨੂੰ ਸਿਰਫ਼ ਨਰ-ਪੁਰਸ਼ਤਵ ਵਿਚੋਂ ਉਤਪੰਨ ਹੋਇਆ ਹੀ ਨਹੀਂ ਮੰਨਿਆ ਜਾ ਸਕਦਾ। ਉਹ ਨਾਰੀ ਪੁਰਸ਼ਤਵ ਨੂੰ ਨਰ-ਪੁਰਸ਼ਤਵ ਅਤੇ ਹੋਰ ਜੈਂਡਰ ਪਛਾਣਾਂ ਵਿਚਲੇ ਪੁਰਸ਼ਤਵ ਨਾਲੋਂ ਵੱਖਰਾ ਮੰਨਦਿਆਂ ਇਸ ਦੀ ਸੁਤੰਤਰ ਹੋਂਦ ਮੰਨਦਾ ਹੈ। ਹਾਲਬਰਸਟਮ ਅਨੁਸਾਰ ਨਾਰੀ-ਪੁਰਸ਼ਤਵ ਬਹੁ-ਭਿੰਨਾ ਅਤੇ ਬਹੁ-ਰੂਪਾ ਹੈ। ਉਸ ਦੁਆਰਾ ਸਮਲਿੰਗੀ ਨਾਰੀ ਪੁਰਸ਼ਤਵ ਅਤੇ ਉਲਟ-ਜਿਣਸੀ ਨਾਰੀ ਪੁਰਸ਼ਤਵ ਨੂੰ ਨਾਰੀ ਪੁਰਸ਼ਤਵ ਦੇ ਰੂਪਾਂ ਵਜੋਂ ਪੇਸ਼ ਕੀਤਾ ਗਿਆ ਹੈ।

ਸਮਾਜ ਵਿਚ ਜ਼ਿਆਦਾਤਰ ਔਰਤਾਂ ਉਲਟ-ਜਿਣਸੀ ਨਾਰੀ ਪੁਰਸ਼ਤਵ ਦੀਆਂ ਧਾਰਨੀ ਹਨ। ਇਹ ਔਰਤਾਂ ਪੁਰਸ਼ਾਂ ਨਾਲ ਸਰੀਰਕ ਸਬੰਧ ਬਣਾਉਂਦੀਆਂ ਹਨ। ਉਹ ਹਰ ਤਰ੍ਹਾਂ ਦੇ ਰਿਸ਼ਤਿਆਂ ਵਿਚ ਸਾਧਾਰਨ ਰੂਪ ਵਿਚ ਵਿਚਰਦੀਆਂ ਹਨ। ਅਜਿਹੀਆਂ ਔਰਤਾਂ ਦਾ ਪੁਰਸ਼ਤਵ ਉਨ੍ਹਾਂ ਦੁਆਰਾ ਕੀਤੇ ਜਾ ਰਹੇ ਸਰੀਰਕ ਕੰਮਾਂ ਦੀ ਉਪਜ ਹੈ। ਹਾਲਬਰਸਟਮ ਅਨੁਸਾਰ:

> ਸ਼ਹਿਰੀ ਮਾਪਦੰਡਾਂ ਤੋਂ ਕੁੱਝ ਪੇਂਡੂ ਔਰਤਾਂ ਨੂੰ ਪੁਰਸ਼ਤਵ ਦੀਆਂ ਧਾਰਨੀ ਮੰਨਿਆ ਜਾ ਸਕਦਾ ਹੈ। ਉਨ੍ਹਾਂ ਦੇ ਪੁਰਸ਼ਤਵ ਦਾ ਆਧਾਰ ਬਾਕੀ ਔਰਤਾਂ ਮੁਕਬਲੇ ਉਨ੍ਹਾਂ ਦੁਆਰਾ ਕੀਤੀ ਜਾਂਦੀ ਵਧੇਰੇ ਸਰੀਰਕ ਮੁਸ਼ੱਕਤ ਵਿਚ ਨਿਹਿਤ ਹੈ।[31]

ਹਾਲਬਰਸਟਮ ਨੇ ਸਮਲਿੰਗੀ ਔਰਤਾਂ (Lesbian Masculinity) ਦੇ ਪੁਰਸ਼ਤਵ ਬਾਬਤ ਵੀ ਚਰਚਾ ਕੀਤੀ ਹੈ। ਉਸ ਅਨਸਾਰ ਕੁਝ ਔਰਤਾਂ ਜੋ ਔਰਤ ਹੋਣ ਦੇ ਬਾਵਜੂਦ ਕਿਸੇ ਮਰਦ ਨਾਲ ਨਹੀਂ ਸਗੋਂ ਕਿਸੇ ਔਰਤ ਨਾਲ ਕਾਮੁਕ ਸਬੰਧਾਂ ਦੀ ਤਾਂਘ ਰੱਖਦੀਆਂ ਹਨ। ਇਨ੍ਹਾਂ ਔਰਤਾਂ ਵਿਚੋਂ ਕੁਝ ਔਰਤਾਂ ਦੂਸਰੀਆਂ ਔਰਤਾਂ ਨਾਲ ਨਾਲ ਸਰੀਰਕ ਸਬੰਧਾਂ ਵਿਚ ਮਰਦਾਂ ਦੀ ਤਰ੍ਹਾਂ ਵਿਚਰਦੀਆਂ ਹਨ। ਔਰਤ-ਔਰਤ ਦਾ ਸਬੰਧ ਵੀ ਅੰਤ ਨੂੰ ਪਤੀ ਪਤਨੀ ਵਾਲੀ ਘਾੜਤ ਵਿਚ ਢਲ ਜਾਂਦਾ ਹੈ। ਇਸੇ ਕਾਰਨ ਪਤੀ ਵਾਲੇ ਰੂਪ ਨੂੰ ਅਖ਼ਤਿਆਰ ਕਰਨ ਵਾਲੀਆਂ ਔਰਤਾਂ ਪੁਰਸ਼ਾਂ ਵਾਲਾ ਪਹਿਰਾਵਾ ਪਹਿਨਣ ਨੂੰ ਤਰਜੀਹ ਦਿੰਦੀਆਂ ਹਨ। ਸਮਲਿੰਗੀ ਔਰਤਾਂ ਪੁਰਸ਼ਾਂ ਵਾਗ ਵਰਤਾਵ ਕਰਨ ਕਾਰਨ ਇਹ ਸਮਲਿੰਗੀ ਨਾਰੀ ਪੁਰਸ਼ਤਵ ਨੂੰ ਪੈਦਾ ਕਰਦੀਆਂ ਹਨ। ਹਾਲਬਰਸਟਮ ਅਜਿਹੀਆਂ ਔਰਤਾਂ ਦੇ ਪੁਰਸ਼ਤਵ ਨੂੰ ਸਮਲਿੰਗੀ ਪੁਰਸ਼ਤਵ (Lesbian Masculinity) ਵਜੋਂ ਪ੍ਰਭਾਸ਼ਿਤ ਕਰਦਾ ਹੈ।

ਹਾਲਬਰਸਟਮ ਉਪਰੋਕਤ ਰੂਪਾਂ ਤੋਂ ਇਲਾਵਾ ਇਸ ਦੇ ਨਾਲ ਹੀ ਉਸ ਦੁਅਰਾ ਅੰਤਰ-ਜਿਣਸੀ (Transgender) ਵਿਅਕਤੀਆਂ ਵਿਚਲੇ ਪੁਰਸ਼ਤਵ ਬਾਬਤ ਵੀ ਚਰਚਾ ਕੀਤੀ ਗਈ ਹੈ। ਅਜਿਹੇ ਲੋਕ

ਜਿਹੜੇ ਆਪਣੇ ਜਨਮ ਸਮੇਂ ਮਿਲੀ ਦੇਹ ਨਾਲ ਆਪਣਾ ਜੈਂਡਰ ਜੋੜ ਕੇ ਨਹੀਂ ਦੇਖਦੇ, ਸਗੋਂ ਉਨ੍ਹਾਂ ਅੰਦਰ ਦੂਸਰੀ ਦੇਹ ਵਿਚ ਆਪਣੇ ਆਪ ਨੂੰ ਬਦਲ ਲੈਣ ਦੀ ਬੜੀ ਪ੍ਰਬਲ ਇੱਛਾ ਮੌਜੂਦ ਰਹਿੰਦੀ ਹੈ। ਉਸ ਅਨੁਸਾਰ ਅੰਤਰ-ਜਿਣਸੀ ਵਿਅਕਤੀਆਂ ਦਾ ਕੀਤਾ ਵਿਵਹਾਰ ਵੀ ਉਨ੍ਹਾਂ ਵਿਚਲੇ ਪੁਰਸ਼ਤਵ ਰੂਪ ਨੂੰ ਉਜਾਗਰ ਕਰਦਾ ਹੈ। ਅਜਿਹੇ ਲੋਕ ਦੇਹ ਪੱਖੋਂ ਔਰਤ ਹੁੰਦੇ ਹੋਏ ਵੀ ਵਿਹਾਰਕ ਕਿਰਿਆਵਾਂ ਰਾਹੀਂ ਅੰਤਰ-ਜਿਣਸੀ ਪੁਰਸ਼ਤਵ (Trans Masculinity) ਨੂੰ ਰੂਪਮਾਨ ਕਰਦੇ ਹਨ।[33]

ਪੁਰਸ਼ਤਵ ਦੇ ਉਪਰੋਕਤ ਰੂਪਾਂ ਅਤੇ ਲੱਛਣਾਂ ਦੀ ਸਮਝ ਹੋਣ ਦੇ ਬਾਵਜੂਦ ਪੁਰਸ਼ਤਵ ਦੇ ਕਿਸੇ ਵੀ ਰੂਪ ਨੂੰ ਕਿਸੇ ਇਕ ਪਰਿਭਾਸ਼ਾ ਵਿਚ ਬੰਨ੍ਹਣਾਂ ਕਠਿਨ ਹੈ, ਕਿਉਂਕਿ ਸਮੇਂ-ਸਥਾਨ ਦੇ ਅਨੁਸਾਰ ਇਸ ਵਿਚ ਕਿੰਨੇ ਹੀ ਬਦਲਾਵ ਆਉਂਦੇ ਰਹਿੰਦੇ ਹਨ। T.W. Resser ਆਪਣੀ ਪੁਸਤਕ ਵਿਚ ਲਿਖਦੇ ਹਨ:

> ਸਮੇਂ ਅਤੇ ਸਥਾਨ ਵਿਚਲੇ ਵਖਰੇਵਿਆਂ ਕਾਰਨ ਪੁਰਸ਼ਤਵ ਬਹੁਤ ਹੀ ਗੁੰਝਲਦਾਰ ਹੈ। ਸਮੇਂ ਸਥਾਨ ਅਤੇ ਸਭਿਆਚਾਰਕ ਵਖਰੇਵਿਆਂ ਕਾਰਨ ਪੁਰਸ਼ਤਵ ਦੇ ਰੂਪ ਵਿਚ ਪਰਿਵਰਤਨ ਆਉਂਦਾ ਹੈ...ਪੁਰਸ਼ਤਵ ਦਾ ਇਹ ਖ਼ਾਸਾ ਸੁਝਾਉਂਦਾ ਹੈ ਕਿ ਪੁਰਸ਼ਤਵ ਸਾਪੇਖਕ ਹੈ।[34]

ਰੀਜ਼ਰ ਅਨੁਸਾਰ ਕੋਨਲ ਦੁਆਰਾ ਕੀਤੀ ਗਈ ਗ਼ਾਲਿਬ, ਗੌਣ, ਪੇਚੀਦਾ ਅਤੇ ਹਾਸ਼ੀਆਗਤ ਪੁਰਸ਼ਤਵ ਦੇ ਰੂਪਾਂ ਦੀ ਪਰਿਭਾਸ਼ਾ ਸਥਾਈ ਨਹੀਂ ਹੈ। ਕੋਨਲ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਦਾ ਮਹੱਤਵਪੂਰਨ ਪੱਖ ਪੁਰਸ਼ਤਵ ਦੇ ਇਕਿਹਰੇ ਰੂੜ੍ਹੀਗਤ ਸਰੂਪ ਦਾ ਖੰਡਨ ਕਰਨਾ ਹੈ। ਇਸ ਲਈ ਕੋਨਲ ਵਿਅਕਤੀਗਤ ਜੈਂਡਰ ਲਈ ਪਛਾਣ (identity) ਸ਼ਬਦ ਵਰਤਣ ਦੀ ਥਾਂ Subjectivity (ਸਵੈ) ਸ਼ਬਦ ਵਰਤਦੇ ਹਨ, ਕਿਉਂਕਿ ਸਵੈ ਸ਼ਬਦ ਪਛਾਣ ਦੇ ਮੁਕਾਬਲੇ ਅਸਥਿਰਤਾ ਵੱਲ ਵਧੇਰੇ ਸੰਕੇਤ ਕਰਦੀ ਹੈ। ਸਵੈ ਜਟਿਲ ਵੀ ਹੈ ਅਤੇ ਸਮਾਜ-ਸਭਿਆਚਾਰ ਅਤੇ ਮਾਨਸਿਕ ਪੱਧਰ 'ਤੇ ਪ੍ਰਭਾਵਿਤ ਵੀ ਹੁੰਦੀ ਹੈ।[35] ਇਸ ਲਈ ਪੁਰਸ਼ਤਵ ਦਾ ਕੋਈ ਵੀ ਰੂਪ ਸਥਿਰ ਨਹੀਂ ਹੈ ਕਿਉਂਕਿ ਪੁਰਸ਼ਤਵ ਦੀ ਹੋਂਦ ਦੂਸਰੀਆਂ ਪਛਾਣਾਂ ਨਾਲ ਇਸ ਦੇ ਸੰਵਾਦ ਉੱਤੇ ਨਿਰਭਰ ਹੈ।[36] ਇਕੋ ਵਿਅਕਤੀ ਸਮੇਂ ਸਥਾਨ ਅਤੇ ਪ੍ਰਸਥਿਤੀਆਂ ਅਨੁਸਾਰ ਪੁਰਸ਼ਤਵ ਦੇ ਵੱਖੋ-ਵੱਖਰੇ ਰੂਪ ਹੰਢਾਉਂਦਾ ਹੈ।

ਪੁਰਸ਼ਤਵ ਦੇ ਵੰਨ-ਸੁਵੰਨੇ ਰੂਪਾਂ ਦੀ ਸਮਝ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਪੁਰਸ਼ਤਵ ਇਕਹਿਰਾ ਨਹੀਂ ਸਗੋਂ ਸਮਾਜ ਸਭਿਆਚਾਰਕ ਅਤੇ ਭੂਗੋਲਿਕ ਸਥਿਤੀਆਂ ਬਦਲਣ ਨਾਲ ਪੁਰਸ਼ਤਵ ਦੇ ਵੰਨ-ਸੁਵੰਨੇ ਰੂਪ ਉਭਰਦੇ ਹਨ। ਪੁਰਸ਼ਤਵ ਦਾ ਸਬੰਧ ਦੇਹੀਗਤ ਵਿਵਹਾਰ ਨਾਲ ਹੈ। ਇਸ ਲਈ ਪੁਰਸ਼ਤਵ ਸਿਰਫ਼ ਨਰ ਦੇਹ ਲਈ ਹੀ ਰਾਖਵਾਂ ਨਹੀਂ ਸਗੋਂ ਹੋਰ ਜੈਂਡਰ ਪਛਾਣਾਂ ਵੀ ਪੁਰਸ਼ਤਵ ਨੂੰ ਧਾਰਨ ਕਰਦੀਆਂ ਹਨ। ਸਮਾਜ-ਸਭਿਅਚਾਰ ਵਿਚਲਾ ਬਦਲਾਵ ਪੁਰਸ਼ਤਵ ਦੇ ਗ਼ਾਲਿਬ ਅਤੇ ਹੋਰ ਰੂਪਾਂ ਨੂੰ ਨਿਰਧਾਰਿਤ ਕਰਦਾ ਹੈ। ਇਸ ਲਈ ਪੁਰਸ਼ਤਵ ਦਾ ਕੋਈ ਵੀ ਰੂਪ ਸਥਿਰ ਨਹੀਂ ਹੈ। ਸਮੇਂ ਸਥਾਨ ਅਤੇ ਪ੍ਰਸਥਿਤੀਆਂ ਅਨੁਸਾਰ ਇਨ੍ਹਾਂ ਵਿਚ ਪਰਿਵਰਤਨ ਵਾਪਰਦਾ ਹੈ। ਬਾਵਜੂਦ ਇਸਦੇ ਸਮਾਜ-ਸਭਿਆਚਾਰ ਦੁਆਰਾ ਕੁਝ ਖਾਸ ਲੱਛਣਾਂ/ਗੁਣਾਂ ਨੂੰ ਗ਼ਾਲਿਬ ਪੁਰਸ਼ਤਵ ਨਾਲ ਜੋੜਿਆ ਜਾਂਦਾ ਹੈ। ਪੁਰਸ਼ਤਵ ਦਾ ਗ਼ਾਲਿਬ ਰੂਪ ਜਿੱਥੇ ਔਰਤ ਦੇ ਸ਼ੋਸ਼ਣ ਵਿਚ ਸਹਾਈ ਹੁੰਦਾ ਹੈ ਉਥੇ ਹੀ ਪੁਰਸ਼ ਦੇ ਆਪਣੇ ਆਪੇ ਅਤੇ ਹੋਰ ਜੈਂਡਰ ਪਛਾਣਾਂ ਦੇ ਦਮਨ ਦਾ ਕਾਰਨ ਵੀ ਬਣਦਾ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੁਰਸ਼ਤਵ ਦੇ ਵੰਨ-ਸੁਵੰਨੇ ਰੂਪਾਂ ਦੀ ਸਮਝ ਪੁਰਸ਼, ਨਾਰੀ ਅਤੇ ਪਿਤਰਕੀ ਪ੍ਰਬੰਧ ਦੇ ਆਪਸੀ ਸਬੰਧਾਂ ਨੂੰ ਸਮਝਣ ਲਈ ਲਾਹੇਵੰਦ ਸਾਬਿਤ ਹੁੰਦੀ ਹੈ।

## ਹਵਾਲੇ ਤੇ ਟਿੱਪਣੀਆਂ

1. Victoria Robinson, **"Masculinity Studies, Gender Relation and Feminism", Introducing Gender and Women's Studies**, **Victoria Robinson and Diane Richardson, eds., 4th ed.,** 1993, Red Global Press, London, 2015, p. 59.
2. Ibid, p. 63.
3. R. W. Connell, **Masculinities**, University of California Press, Berkeley and Los Angeles, California, Second Edition, 2005, p. 45.
4. **Ibid.**
5. **Ibid**, p. 76-81.
6. "Hegemonic masculinity can be defined as the configuration of gender Practice

which embodies the currently accepted answer to the problem of the legitimacy of patriarchy, which guarantees (or is taken to guarantee) the dominant position of men and subordination of women.", Ibid, p. 76.

7. **Ibid**.
8. "Hegemonic masculinity is not a fixed character type, always and everywhere the same. It is rather, the masculinity that occupies the hegemonic position in a given pattern of gender relations, a position always contestable." Ibid, p. 76.
9. Ibid, p. 105.
10. "The dominant culture define homosexual men as effeminate. In a patriarchal society where hegemonic masculinity is defined as exclusively heterosexual.", ibid, p. 62.
11. **Ibid** p. 90.
12. **Ibid** p. 78.
13. ਸਮਲਿੰਗਕਤਾ ਨੂੰ 2018 ਤੋਂ ਪਹਿਲਾਂ ਕਾਨੂੰਨੀ ਮਾਨਤਾ ਨਹੀ ਸੀ, ਜਿਸ ਕਾਰਨ ਸਮਲਿੰਗਕਤਾ ਨੂੰ ਕਾਨੂੰਨੀ ਅਪਰਾਧ ਮੰਨਿਆ ਜਾਂਦਾ ਸੀ। ਕਾਨੂੰਨੀ ਮਾਨਤਾ ਤੋਂ ਬਾਅਦ ਵੀ ਇਹ ਲੋਕ ਬਹੁਤ ਸਾਰੇ ਹੱਕਾਂ ਤੋਂ ਮਹਿਰੂਮ ਹਨ। https://en.wikipedia.org/wiki/LGBT_rights_in_India, retrieved on 23-06-2019.
14. ਇਸ ਪ੍ਰਸੰਗ ਵਿਚ ਅਪੂਰਵਾ ਅਰਸਾਨੀ ਵੱਲੋਂ ਲਿਖੀ ਅਤੇ ਹਾਂਸਲ ਮਹਿਤਾ ਵੱਲੋਂ ਨਿਰਦੇਸ਼ਿਤ ਫਿਲਮ ਅਲੀਗੜ੍ਹ ਦੇਖੀ ਜਾ ਸਕਦੀ ਹੈ।
15. R. W. Connell, ibid, p. 79.
16. **Ibid**, p. 79.
17. **Ibid** p. 80.
18. **Ibid** p. 84.
19. Brittany Doherty, "Hyper Masculinity; Influences and Prevention in Children", https://scholarworks.merrimack.edu/cgi/viewcontent.cgi?article=1025&context=honors_capstones, retrieved on 12-05-2019
20. Ankita Siddhanta and SK Singh, "Shaping of Hyper Masculinity and Its Influences on Sexual Behaviour: A Study of Youth in Slum Communities of Mumbai, India", https://www.omicsonline.org/open-access/shaping-of-hypermasculinity-and-its-influences-on-sexual-behaviour-a-study-of-youth-in-slum-communities-of-mumbai-india-2155-6113-1000489.php?aid=59202, retrieved on 07-08-2019
21. "When masculine ideology becomes over valued by a man, hyper-masculinity may result. Hyper-masculinity (HM) consists of an exaggerated expression of masculine gender ideology.", Megan Lea Vokey, "An Analysis of Hyper-Masculinity in Magazine Advertisements" https://mspace.lib.umanitoba.ca/bitstream/handle/1993/21315/Vokey_An_Analysis.pdf?sequence=1, retrieved on 25-09-2019
22. Bell Hooks, The Will to Change: Men, Masculinity, and Love, Atria books, New York, 2004, p.62.
23. Ankita Siddhanta and SK Singh, ibid.
24. https://en.wikipedia.org/wikiToxic_masculinity#:~:text= According%20to%20

Kupers%2C%20toxic%20masculinity,greed%2C%20and%20violent%20 domination %22., retrieved on 24-10-2019
25. Judith Butler, Gender Trouble: Feminism and the Subversion of Identity, Routledge Classics, New York, 2016, p. 4.
26. Judith Halberstam, Female Masculinity, Duke Uuniversity Press, p. 25.
27. **Ibid**, p. 30.
28. **Ibid**, p. 25
29. **Ibid**, p. 25.
30. **Ibid**, 57.
31. "Some rural women may be considered masculine by urban standards, and their masculinity may simply have to do with the fact that they engage in more manual labor than other women.", ibid, p. 58.
32. **Ibid**, p. 183.
33. http://www.columbia.edu/itc/english/adams/g6651-001-x01/HalberstamReview.pdf, retrieved on 25-06-2019
34. "Masculinity is complicated because of its "innumerable variations in time and in space. . . . Such cross-cultural or cross-temporal differences make us aware of masculinity as particularly relative.", Todd W. Reeser, Masculinities in Theory: An Introduction, John Wiley and Sons ltd, The Atrium Southern gate, Chichester, First Edition, 2010, p. 2.
35. **Ibid** p. 13.
36. **Ibid** p. 11.

◈